# ਸਤਿਸੰਗ

# ਗੁਰਬਾਣੀ ਉਪਮਾ

ਮਾਰੂ ਮਹਲਾ ੧ ॥ (ਅੰਗ 992)

**ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ਿਸ਼ ਕੀਤਾ ਹੈ। ਇਸ ਨੂੰ ਸਾਰੇ ਧਿਆਨ ਨਾਲ ਸਰਵਣ ਕਰਿਉ ਕਿਉਂਕਿ ਇਹ ਕੋਈ ਲਿਟਰੇਚਰ ਨਹੀਂ ਹੈ ਜਿਸ ਨੂੰ ਪੜ੍ਹ ਕੇ ਤੁਸੀਂ ਭੇਦ ਦੀ ਪ੍ਰਾਪਤੀ ਕਰ ਸਕੋਗੇ। ਕਿਉਂਕਿ

Litteral translation is not appriciated everywhere.

ਕਿਤੇ ਬੀ.ਯੂ.ਟੀ ਬੱਟ ਹੁੰਦਾ ਹੈ ਅਤੇ ਕਿਤੇ ਪੀ.ਯੂ.ਟੀ ਪੁੱਟ ਹੁੰਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜੋਗੀ, ਗੁਰਸਿੱਖ ਉਹੋ ਹੀ ਹਨ ਜੋ ਸੰਤਾਂ, ਸਾਧੂਆਂ, ਮਹਾਤਮਾਵਾਂ ਦੀ ਦੱਸੀ ਹੋਈ ਜੁਗਤੀ ਅਨੁਸਾਰ ਸਿਮਰਨ ਕਰਦੇ ਹਨ। ਅਰਥਾਤ ਸਾਧੂ ਉਪਦੇਸ਼ ਦੇਣ ਲੱਗਿਆਂ ਤੁਹਾਨੂੰ ਦੱਸਦੇ ਹਨ ਕਿ ਜੀਵ ਨੂੰ ਨਾਮ ਦੀ ਪ੍ਰਾਪਤੀ ਲਈ ਇਸ ਜੁਗਤੀ ਅਨੁਸਾਰ ਸਿਮਰਨ ਕਰਨਾ ਚਾਹੀਦਾ ਹੈ। ਜਦੋਂ ਜੀਵ ਉਸ ਜੁਗਤੀ ਦੁਆਰਾ ਸਿਮਰਨ ਕਰਕੇ ਆਪਣੀ ਆਤਮਾ ਅਤੇ ਮਨ ਨੂੰ ਨਿਰਮਲ ਕਰ ਲੈਂਦੇ ਹਨ ਫੇਰ ਉਹਨਾਂ ਨੂੰ ਦੁਨਿਆਵੀ ਮੈਲਾਂ ਨਹੀਂ ਲੱਗਦੀਆਂ। ਅਗਰ ਅਸੀਂ ਜੁਗਤੀ ਅਨੁਸਾਰ ਅਰਾਧਨਾ, ਸਿਮਰਨ ਨਹੀਂ ਕਰਦੇ ਆਪਣੇ ਮਨ ਨੂੰ ਨਿਰਮਲ ਨਹੀਂ ਕਰਦੇ ਤਦ ਦੁਨਿਆਵੀ ਮੈਲਾਂ ਲੱਗਦੀਆਂ ਹਨ। ਜੁਗਤੀ ਕੀ ਹੈ? ਹਜ਼ੂਰ ਕਬੀਰ ਸਾਹਿਬ ਜੀ ਨੇ ਜੁਗਤੀ ਬਾਰੇ ਫ਼ੁਰਮਾਇਆ ਹੈ ਕਿ

*ਮਨ ਥਿਰ ਤਨ ਥਿਰ ਬਚਨ ਥਿਰ ਸੁਰਤ ਨਿਰਤ ਥਿਰ ਹੋਇ॥*
*ਕਹਿ ਕਬੀਰ ਤਿਸ ਪਲਕ ਕਉ ਕਲਪ ਨਾ ਪਾਵੈ ਕੋਇ॥*

ਮਨ ਨੂੰ ਸੀਮਿਤ ਕਰੋ, ਤਨ ਨੂੰ ਇਸ਼ਨਾਨ ਕਰਕੇ ਸਾਫ ਕਰੋ, ਮੂੰਹ ਹੱਥ ਧੋਵੋ ਜੋ ਜੁਗਤੀ ਸਾਧੂ ਦੱਸਦੇ ਹਨ ਉਹ ਕਰੋ ਫੇਰ ਸੁਰਤ ਅਤੇ ਸ਼ਬਦ ਦਾ ਲਿੰਕ ਜੋੜੋ। ਸੰਤਾਂ ਦੇ ਦੱਸੇ ਬਚਨ ਅਤੇ ਸੁਰਤ ਨੂੰ ਇੱਕ ਲਾਈਨ ਵਿੱਚ ਲੈ ਆਉ।

ਜਿਹੜੇ ਜੀਵਾਂ ਨੇ ਐਨ. ਸੀ. ਸੀ. ਕੀਤੀ ਹੈ ਜਾਂ ਪੁਲੀਸ, ਮਿਲਟਰੀ, ਸੀ. ਆਰ. ਪੀ. ਪੈਰਾ ਮਿਲਟਰੀ ਫੋਰਸ ਜਾਂ ਪ੍ਰਾਈਵੇਟ ਤੌਰ ਤੇ ਜਿੱਥੇ ਵੀ ਕਿਸੇ ਨੇ ਨਿਸ਼ਾਨੇਬਾਜ਼ੀ ਸਿੱਖੀ ਹੈ ਕਿ ਹਰ ਗੰਨ ਦੇ ਬੈਕਸਾਈਡ 'ਤੇ ਇਕ ਯੂ ਬਣਿਆ ਹੁੰਦਾ ਹੈ ਅਤੇ ਫਰੰਟ ਸਾਈਡ ਤੇ ਇੱਕ ਟਿਪ ਹੁੰਦੀ ਹੈ। ਜਦੋਂ ਬੰਦਾ ਇੱਕ ਅੱਖ ਬੰਦ ਕਰਕੇ ਦੂਸਰੀ ਅੱਖ ਨਾਲ ਬੈਕਸਾਈਡ ਦੀ ਯੂ ਨੂੰ ਉਸ ਟਿੱਪ ਵਿੱਚ ਦੇਖਦਾ ਹੈ ਫਿਰ ਟਿੱਪ ਦੇ ਰਾਹੀਂ ਉੱਥੇ ਦੇਖਦਾ ਹੈ ਜਿੱਥੇ ਨਿਸ਼ਾਨਾ ਲਗਾਉਣਾ ਹੈ। ਫੇਰ ਆਪਣੇ ਆਪ ਨੂੰ concentrate ਕਰਦਾ ਹੈ ਪਰ ਜੇਕਰ ਉਹ ਜੋਰ ਦੀ ਸਾਹ ਲੈਂਦਾ ਹੋਇਆ ਜਾਂ ਹੌਂਕਦਾ ਹੋਇਆ ਫੇਰ ਤਾਂ ਗੋਲੀ ਦਸ, ਵੀਹ, ਪੰਜਾਹ ਜਾਂ ਸੌ ਫੁੱਟ ਖੱਬੇ ਸੱਜੇ ਜਾਣੀ ਹੈ। ਸਾਹ ਨੂੰ ਬਿਲਕੁੱਲ ਬੰਦ ਕਰਕੇ ਅਗਰ ਉਹ ਗੋਲੀ ਚਲਾਏਗਾ ਫੇਰ ਗੋਲੀ ਠੀਕ ਨਿਸ਼ਾਨੇ ਤੇ ਲੱਗੇਗੀ ਵਰਨਾ ਠਾਹ-ਠਾਹ ਹੀ ਹੋਵੇਗਾ। ਅਸੀਂ ਵੀ ਪੁਲੀਸ ਦੀ ਨੌਕਰੀ ਕੀਤੀ ਹੈ। ਕਈ ਵਾਰ ਅਸੀਂ ਫਾਇਰਿੰਗ ਬੱਟ ਤੇ ਜਾ ਕੇ ਫਾਇਰ ਕਰਦੇ ਹੋਣਾ ਤਦ ਕੀ ਦੇਖਣਾ ਕਿ ਕਈਆਂ ਦੇ ਟਾਰਗੈੱਟ ਵਿੱਚ ਪੰਦਰਾਂ-ਪੰਦਰਾਂ ਗੋਲੀਆਂ ਵੱਜੀਆਂ ਹੋਣੀਆਂ ਅਤੇ ਕਿਸੇ ਦੇ ਟਾਰਗੈੱਟ ਵਿੱਚ ਕੋਈ ਵੀ ਨਾ ਵੱਜੀ ਹੋਣੀ। ਨਾਲ ਵਾਲੇ ਜੀਵ ਵੀ ਉਸ ਦੇ ਟਾਰਗੈੱਟ ਵਿੱਚ ਗੋਲੀਆਂ ਮਾਰੀ ਜਾਂਦੇ ਹਨ। ਉਹਨਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਮੇਰਾ ਟਾਰਗੈੱਟ ਇੱਧਰ ਹੈ ਜਾਂ ਉੱਧਰ ਹੈ। ਇੱਕ ਇਨਸਾਨ ਇੱਕ ਸਕਿੰਟ ਜੁਗਤੀ ਅਨੁਸਾਰ ਸਿਮਰਨ ਕਰਦਾ ਹੈ ਅਤੇ ਇੱਕ ਸੋਲ੍ਹਾਂ ਯੁੱਗ ਭਗਤੀ ਕਰਦਾ ਰਹਿੰਦਾ ਹੈ। ਸੋਲ੍ਹਾਂ ਜੁਗਾਂ ਵਾਲਾ ਪਿੱਛੇ ਰਹਿ ਜਾਂਦਾ ਹੈ ਅਤੇ ਇੱਕ ਸਕਿੰਟ ਵਾਲਾ ਅੱਗੇ ਲੰਘ ਜਾਂਦਾ ਹੈ।

ਸੋਈ ਅਗਰ ਅਸੀਂ ਸੰਤਾਂ ਦੁਆਰਾ ਦੱਸੇ ਹੋਏ ਤਰੀਕੇ ਅਨੁਸਾਰ ਸਿਮਰਨ ਨਹੀਂ ਕਰਦੇ ਜਾਂ ਸ਼ਬਦ ਦਾ ਅੱਗਾ ਪਿੱਛਾ ਕਰਦੇ ਹਾਂ ਕਿਉਂਕਿ ਕਈ ਜੀਵ ਆ ਕੇ ਕਹਿੰਦੇ ਹਨ ਕਿ ਸਾਨੂੰ ਅਜੇ ਤੱਕ ਦਰਸ਼ਨ ਨਹੀਂ ਹੋਏ। ਜਦੋਂ ਉਸ ਕੋਲੋਂ ਉਪਦੇਸ਼ ਦੇ ਸ਼ਬਦ ਸੁਣੀਦੇ ਹਨ ਤਦ ਉਹ ਸ਼ਬਦ ਗਲਤ ਬੋਲਦਾ ਹੈ ਫੇਰ ਅਸੀਂ ਪਰਵਾਨਾ ਜੀ ਦੀ ਜਾਂ ਹੋਰ ਕਿਸੇ ਦੀ ਡਿਊਟੀ ਲਗਾ ਦਿੰਦੇ ਹਾਂ ਕਿ ਇਸ ਨੂੰ ਠੀਕ ਯਾਦ ਕਰਵਾ ਦਿਉ। ਸੋਈ ਸ਼ਬਦਾਂ ਨੂੰ ਅੱਗੇ ਪਿੱਛੇ ਕਰਕੇ ਬੋਲਣ ਨਾਲ ਵੀ ਗੱਲ ਨਹੀਂ ਬਣਨੀ। ਜਿਸ ਜੀਵ ਦੀ ਸੁਰਤ ਇੱਕ ਵਾਰ ਨਾਮ ਨਾਲ ਜੁੜ ਜਾਂਦੀ ਹੈ ਫੇਰ ਉਸ ਉੱਪਰ ਦੁਨਿਆਵੀ ਮੈਲਾਂ ਅਸਰ ਨਹੀਂ ਕਰਦੀਆਂ। ਫੇਰ

*ਸੂਰਦਾਸ ਕਾਲੀ ਕਮਲੀਆ ਚੜ੍ਹੇ ਨਾ ਦੂਜਾ ਰੰਗ।*

**ਪ੍ਰੀਤਮ ਨਾਥੁ ਸਦਾ ਸਚੁ ਸੰਗੇ**
**ਜਨਮ ਮਰਣ ਗਤਿ ਬੀਤੀ॥੧॥**

ਸਾਡਾ ਉਹ ਸਾਹਿਬ ਬਹੁਤ ਪਿਆਰਾ ਹੈ। ਉਹ ਅਨਾਥਾਂ ਦਾ ਨਾਥ ਹੈ। ਬਲਕਿ ਨਾਥਾਂ ਦਾ ਵੀ ਨਾਥ ਹੈ। ਉਹ ਉਸ ਜੀਵ ਨਾਲ ਰਹਿੰਦਾ ਹੈ ਜੋ ਸੱਚ ਉੱਪਰ ਚੱਲਦਾ ਹੈ।

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥*

*(ਅੰਗ 953)*

ਸਾਧੂਆਂ ਕੋਲ ਪੁੱਤਰਾਂ, ਧੀਆਂ, ਜਵਾਈਆਂ, ਚਾਚਿਆਂ, ਤਾਇਆਂ, ਮਾਮਿਆਂ, ਫੁੱਫੜਾਂ ਦੀਆਂ ਬਹੁਤ ਬਿਪਤਾ ਅਤੇ ਸੰਕਟ ਆਉਂਦੇ ਹਨ। ਪਰ ਸਾਧੂ ਨੂੰ ਆਪਣੇ ਅਸੂਲ ਤੋਂ ਨਹੀਂ ਡਿੱਗਣਾ ਚਾਹੀਦਾ ਹੈ। ਹਾਲਾਤ ਦੇ ਅਨੁਸਾਰ ਚੱਲੋ ਪਰ ਅਸੂਲ ਭੰਗ ਨਾ ਕਰੋ। ਅਸੂਲ ਤੋਂ ਭਾਵ ਹੈ ਸੱਚ ਦੀ ਸੰਗਤ ਵਿੱਚ ਰਹਿਣਾ। ਉਹ ਪ੍ਰੀਤਮ, ਪਿਆਰਾ, ਪ੍ਰਭੂ, ਅੱਲਾਹ, ਗਾਡ, ਰਾਮ ਉਹਨਾਂ ਸਭਨਾ ਦੇ ਨਾਲ ਹੈ ਜੋ ਸੱਚ 'ਤੇ ਚੱਲਦੇ ਹਨ। ਤਦੇ ਤੁਹਾਨੂੰ ਬਹੁਤ ਦਫ਼ਾ ਦੱਸੀਦਾ ਹੈ ਕਿ

*ਕਾਮ ਕ੍ਰੋਧ ਲਬ ਮੋਹ ਕੀ ਜਬ ਲਗ ਘਟ ਮੇਂ ਖਾਨ।*
*ਕਿਆ ਪੰਡਿਤ ਕਿਆ ਦੁਸਟਾ ਦੋਨੋਂ ਏਕ ਸਮਾਨ।*

ਉਸ ਜੀਵ ਨੂੰ ਦੁਸ਼ਟ ਸਮਝ ਕੇ ਮਾਲਿਕ ਉਸ ਤੋਂ ਪਿੱਛੇ ਹਟ ਜਾਂਦੇ ਹਨ। ਤਦੇ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਬਚਨ ਹਨ ਕਿ

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹ ਠਾਕੁਰੁ ਮੈ ਉਸਦਾ ਚੇਰਾ।*

ਤਥਾ

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।*

ਤਥਾ

*ਜਬ ਲਗ ਖਾਲਸਾ ਰਹੇ ਨਿਆਰਾ*
*ਤਬ ਲਗ ਤੇਜੁ ਦੇਉਂ ਮੈ ਸਾਰਾ।*
*ਜਬ ਇਹ ਗਹੈ ਬਿਪਰਨ ਕੀ ਰੀਤ*
*ਮੈ ਨ ਕਰੋਂ ਇਨਕੀ ਪਰਤੀਤ।*

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਜੀਵ ਨੇ ਅਸੂਲਾਂ

ਤੋਂ ਡਿੱਗਣਾ ਹੈ ਫੇਰ ਅਸੀਂ ਇਸਦੀ ਸਹਾਇਤਾ ਨਹੀਂ ਕਰਨੀ। ਸੋਈ ਸਾਡੇ ਖੇਦ ਕਰਮ ਉਦੋਂ ਬਣਦੇ ਹਨ ਜਦੋਂ ਅਸੀਂ ਅਸੂਲ ਛੱਡ ਦਿੰਦੇ ਹਾਂ। ਸਾਨੂੰ ਆਖਰੀ ਸੁਆਸਾਂ ਤੱਕ ਮਾਲਿਕ ਉੱਪਰ ਭਰੋਸਾ ਰੱਖਣਾ ਚਾਹੀਦਾ ਹੈ। ਅਗਰ ਐਸਾ ਭਰੋਸਾ ਰੱਖਾਂਗੇ ਫੇਰ ਹਜ਼ੂਰ ਲੋਕ ਪਰਲੋਕ ਤੱਕ ਬਖਸ਼ਿਸ਼ ਕਰਦੇ ਹਨ। ਲੋਕ ਤੋਂ ਭਾਵ ਹੈ ਇੱਥੇ ਦੁਨੀਆਂ ਵਿੱਚ ਰਹਿੰਦਿਆਂ ਵੀ ਖੁਸ਼ੀਆਂ ਬਖਸ਼ਦੇ ਹਨ ਅਤੇ ਪਰਲੋਕ ਵਿੱਚ ਵੀ ਜਨਮ ਮਰਨ ਤੋਂ ਮੁਕਤ ਕਰ ਦਿੰਦੇ ਹਨ।

**ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥**

ਮਾਲਿਕ ਨੂੰ ਪੁੱਛੋ ਕਿ ਸੱਚੇ ਪਾਤਿਸ਼ਾਹੋ! ਤੁਸੀਂ ਕਿਹੜੇ ਨਾਮ ਨਾਲ ਖੁਸ਼ ਹੁੰਦੇ ਹੋ। ਕੋਈ ਰਾਮ ਕਹਿੰਦਾ ਹੈ, ਕੋਈ ਅੱਲਾਹ ਕਹਿੰਦਾ ਹੈ, ਕੋਈ ਗਾਡ ਕਹਿੰਦਾ ਹੈ, ਕੋਈ ਮਾਧੋ, ਕੋਈ ਗੁਸਈਆਂ, ਕੋਈ ਲਾਲ ਕਹਿੰਦਾ ਹੈ। ਅਸੀਂ ਟੀ.ਵੀ ਉੱਪਰ ਸੁਣਿਆ ਕਿ ਸਾਡੇ ਹਿੰਦੁਸਤਾਨ ਵਿੱਚ ਅੱਠ ਸੌ ਸੋਲ੍ਹਾਂ ਭਾਸ਼ਾਵਾਂ ਹਨ। ਲੋਕ ਉਸ ਭਗਵਾਨ ਨੂੰ ਅੱਠ ਸੌ ਸੋਲ੍ਹਾਂ ਭਾਸ਼ਾਵਾਂ ਵਿੱਚ ਚੇਤੇ ਕਰਦੇ ਹਨ। ਪਰ ਪਤਾ ਨਹੀਂ ਹੈ ਕਿ ਇੱਕ ਭਾਸ਼ਾ ਵਿੱਚ ਅਗਾਂਹ ਕਿੰਨੇ-ਕਿੰਨੇ ਨਾਮ ਰੱਖੇ ਹੋਣਗੇ। ਹੁਣ ਸਾਡੀ ਭਾਸ਼ਾ ਪੰਜਾਬੀ ਹੈ ਅਸੀਂ ਰਾਮ, ਅੱਲਾਹ, ਗਾਡ, ਮਾਧੋ ਵੀ ਕਹਿੰਦੇ ਹਾਂ, ਵਾਹਿਗੁਰੂ, ਰੱਬ, ਮੌਲਾ ਵੀ ਕਹਿੰਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹ! ਤੁਸੀਂ ਧੰਨ ਹੋ ਜਿਸ ਵੀ ਨਾਮ ਨਾਲ ਤੁਹਾਨੂੰ ਕੋਈ ਪੁਕਾਰਦਾ ਹੈ ਤੁਸੀਂ ਜੁਆਬ ਦਿੰਦੇ ਹੋ। ਵਰਨਾ ਅਸੀਂ ਬੈਠੇ ਹੋਈਏ ਅਤੇ ਕਿਸੇ ਜੀਵ ਦਾ ਨਾਮ ਲਵੋ ਤਦ ਦੂਸਰਿਆਂ ਵਿੱਚੋਂ ਕੋਈ ਨਹੀਂ ਬੋਲਦਾ। ਜਿਸ ਦਾ ਨਾਮ ਲਈਏ ਉਹ ਚਾਹੇ ਹੁੰਗਲਾ ਰਿਹਾ ਹੋਵੇ। ਜਾਂ ਹੋ ਸਕਦਾ ਹੈ ਨਾਮ ਗਲਤ ਬੋਲਿਆ ਗਿਆ ਹੋਵੇ ਇਸ ਕਰਕੇ ਅੱਗਿਉਂ ਕੋਈ ਨਹੀਂ ਬੋਲਦਾ। ਸਾਰੇ ਕਹਿੰਦੇ ਹਨ ਮੇਰਾ ਨਾਮ ਨਹੀਂ ਲਿਆ ਹੈ। ਇਸ ਤਰ੍ਹਾਂ ਅਗਰ ਮਾਲਿਕ ਸੋਚਣ ਕਿ ਜੀਵ ਅਗਰ ਮੈਨੂੰ ਇਸੇ ਨਾਮ ਨਾਲ ਪੁਕਾਰਨਗੇ ਫੇਰ ਗੱਲ ਸੁਣਨੀ ਹੈ ਫੇਰ ਤਾਂ ਜੀਵਾਂ ਦੇ ਕੰਮ ਹੋ ਗਏ। ਹਜ਼ੂਰ ਤੁਸੀਂ ਧੰਨ ਹੋ ਪਰ ਸਾਨੂੰ ਇਹ ਦੱਸੋ ਕਿ ਤੁਹਾਨੂੰ ਸਭ ਤੋਂ ਪਿਆਰਾ ਕਿਹੜਾ ਨਾਮ ਲੱਗਦਾ ਹੈ ਜਿਸ ਦੇ ਪੁਕਾਰਨ ਨਾਲ ਤੁਸੀਂ ਬੇਨਤੀ ਜਲਦੀ ਸੁਣਦੇ ਹੋ।

**ਜਾ ਤਉ ਭੀਤਰਿ ਮਹਲਿ ਬੁਲਾਵਹਿ**
**ਪੂਛਹੁ ਬਾਤ ਨਿਰੰਤੀ॥੧॥ ਰਹਾਉ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਕਿਸ ਤਰੀਕੇ ਨਾਲ ਅੰਦਰ ਮਿਲਾਪ ਹੋ ਸਕਦਾ ਹੈ ਅਤੇ ਬਖਸ਼ਿਸ਼ ਪ੍ਰਾਪਤ ਕੀਤੀ ਜਾ ਸਕਦੀ ਹੈ ਉਸ ਦੀ ਜੁਗਤੀ ਕਿਸੇ ਗੁਰੂ ਪਿਆਰੇ ਤੋਂ ਪੁੱਛੋ। ਉਸ ਤੋਂ ਪੁੱਛੋ ਕਿ ਤੂੰ ਕਿਹੜੀ ਬੇਨਤੀ ਕੀਤੀ ਸੀ ਤਦ ਤੈਨੂੰ ਮਾਲਿਕ ਅੰਦਰ ਮਿਲੇ ਸੀ।

*ਉਠ ਫਰੀਦਾ ਸੁਤਿਆ ਦੁਨੀਆ ਦੇਖਣ ਜਾਹ।*
*ਮਤ ਕੋਈ ਬਖਸ਼ਿਆ ਮਿਲ ਪਵੇ ਤੂੰ ਵੀ ਬਖਸ਼ਿਆ ਜਾਹ।*

ਕਿਸੇ ਬਖਸ਼ੇ ਹੋਏ ਦੀ ਸੰਗਤ ਕਰਕੇ ਪੁੱਛੋ ਕਿ ਅੰਦਰ ਬਖਸ਼ਿਸ਼ ਕਿਵੇਂ ਹੁੰਦੀ ਹੈ। ਅੰਦਰ ਨਿਰੰਤਰ ਬਾਤ ਦਾ ਕਿਵੇਂ ਪਤਾ ਚੱਲੇਗਾ ਕਿ ਨਾਮ ਕੀ ਹੈ।

**ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ**
**ਹਰਿ ਗੁਣ ਪੂਜੇ ਪਾਤੀ॥**

ਬ੍ਰਾਹਮਣ ਬ੍ਰਹਮ ਦੇ ਗਿਆਨ ਦੀ ਉਸਤਤਿ ਕਰਦਾ ਹੈ। ਚਾਰ ਵੇਦ, ਛੇ ਸ਼ਾਸਤਰ, ਅਠਾਰਾਂ ਪੁਰਾਣ ਪੜ੍ਹਦਾ ਹੈ ਪੂਜਾ ਨੇਮ ਕਰਦਾ ਹੈ। ਪੰਡਿਤ ਸਵੇਰੇ ਗਊ ਦਾ ਗੋਬਰ ਲਿਆ ਕੇ ਪੋਚਾ ਫੇਰਦੇ ਹਨ, ਇਸ਼ਨਾਨ ਕਰਦੇ ਹਨ। ਜਨੇਊ ਕੰਨ ਉੱਪਰ ਰੱਖ ਕੇ ਮਲ ਮੂਤਰ ਤਿਆਗਦੇ ਹਨ। ਸਿੱਖ ਵੀ ਇਸ਼ਨਾਨ ਕਰਨ ਲੱਗਿਆਂ ਕਹਿੰਦੇ ਹਨ ਕਿ ਕਛਹਿਰਾ ਦੋਹਾਂ ਲੱਤਾਂ ਵਿੱਚੋਂ ਨਹੀਂ ਕੱਢਣਾ ਜਿਹੜੇ ਪੱਕੇ ਅੰਮ੍ਰਿਤਧਾਰੀ ਸਿੱਖ ਹਨ ਉਹ ਕਹਿੰਦੇ ਹਨ ਨਹਾਉਣ ਲੱਗਿਆਂ ਜਦੋਂ ਕਛਹਿਰਾ ਗਿੱਲਾ ਹੋ ਗਿਆ ਫੇਰ ਤੁਸੀਂ ਇੱਕ ਪੈਰ ਕੱਢ ਕੇ ਉੱਧਰ ਸੁੱਕੇ ਕਛਹਿਰੇ ਦਾ ਇੱਕ ਪੈਰ ਪਾ ਲਇਉ ਫੇਰ ਦੂਜਾ ਪੈਰ ਕੱਢਿਉ। ਅਗਰ ਇੱਕੋ ਵਾਰੀ ਦੋਵੇਂ ਪੈਰ ਕੱਢ ਦਿੱਤੇ ਫੇਰ ਵੀ ਅੰਮ੍ਰਿਤ ਭੰਗ ਹੋ ਜਾਣਾ ਹੈ। ਫੇਰ ਤੁਹਾਡੀ ਰੀਤੀ ਜਾਂਦੀ ਰਹੇਗੀ। ਤੁਸੀਂ ਸ੍ਰੀ ਹਰਿਮੰਦਰ ਸਾਹਿਬ ਜਾਂ ਕਿਸੇ ਹੋਰ ਗੁਰਦੁਆਰੇ ਜਾ ਕੇ ਦੇਖਿਉ ਉੱਥੇ ਕਈ ਸਿੱਖਾਂ ਨੇ ਇਸ਼ਨਾਨ ਕਰਨ ਲੱਗਿਆਂ ਸ੍ਰੀ ਸਾਹਿਬ ਸਿਰ ਉੱਪਰ ਲਪੇਟਿਆ ਹੁੰਦਾ ਹੈ। ਪਰ ਕਈ ਜੀਵ ਗ੍ਰਿਹਸਤੀ ਅਤੇ ਪਰਿਵਾਰਿਕ ਜੀਵਨ ਵਿੱਚ ਰਾਤ ਨੂੰ ਸ੍ਰੀ ਸਾਹਿਬ ਉਤਾਰ ਕੇ ਕਿੱਲੀ ਨਾਲ ਟੰਗ ਲੈਂਦੇ ਹਨ ਅਤੇ ਸਵੇਰੇ ਉੱਠ ਕੇ ਗਲ ਪਾ ਲੈਂਦੇ ਹਨ। ਪਰੰਤੂ ਸ਼ਰ੍ਹਾ ਅਨੁਸਾਰ ਬਹੁਤ ਹੀ ਵਿਰਲੇ ਜੀਵ ਹਨ ਜੋ ਐਨੀ ਰਹਿਤ ਰੱਖਦੇ ਹਨ। ਇਸ ਕਰਕੇ ਜੋ ਸਾਡੇ ਵੱਡੇ ਵਡੇਰੇ ਸਨ ਉਹਨਾਂ ਨੇ ਕੁਝ ਸੋਧ ਕੀਤੀ ਸੀ ਜੋ ਸਾਡੇ ਸਮੇਂ ਵੀ ਹੋਈ ਸੀ ਕਿ ਕੰਘਾ ਵਾਲਾਂ ਨਾਲ ਟੰਗਣਾ ਹੈ। ਉਸ ਕੰਘੇ ਦੇ ਇੱਕ ਪਾਸੇ ਕਿਰਪਾਨ ਅਤੇ ਇੱਕ ਪਾਸੇ ਖੰਡਾ ਲੱਗਾ ਹੁੰਦਾ ਸੀ। ਫੇਰ ਹੌਲੀ-ਹੌਲੀ ਇੱਕ ਕਾਲੀ ਡੋਰੀ ਲੈ ਕੇ ਉਸ ਵਿੱਚ ਛੋਟੀ ਜਿਹੀ ਕਿਰਪਾਨ ਅਤੇ ਖੰਡਾ ਜਿੰਨਾ ਕੁ ਕੰਘੇ ਵਿੱਚ ਹੁੰਦਾ ਹੈ ਓਡਾ ਕੁ ਉਸ ਡੋਰੀ ਵਿੱਚ ਪਿਰੋ ਲੈਣੇ। ਅਸੀਂ ਵੀ ਉਹ ਪਹਿਨਦੇ ਸੀ। ਕਿਉਂਕਿ ਜਿਹੜੇ ਅੰਮ੍ਰਿਤ ਛਕੱਣ ਵਾਲੇ

ਪੁਲੀਸ ਅਫ਼ਸਰ ਹਨ ਉਹਨਾਂ ਨੇ ਪਿਸਤੌਲ ਵੀ ਪਾਉਣਾ ਹੁੰਦਾ ਹੈ ਅਤੇ ਸ੍ਰੀ ਸਾਹਿਬ ਵੀ ਪਾਉਣੀ ਹੁੰਦੀ ਹੈ। ਇੱਕ ਪਾਸੇ ਉਹ ਸ਼ਸਤਰ ਪਾਇਆ ਹੋਵੇ ਅਤੇ ਦੂਜੇ ਪਾਸੇ ਪਿਸਤੌਲ ਪਾਇਆ ਹੋਵੇ। ਇਸ ਕਰਕੇ ਉਹ ਸ਼ਰੱਈ ਜੀਵ ਛੋਟੀ ਜਿਹੀ ਕਿਰਪਾਨ ਪਾ ਕੇ ਮਨ ਦੀ ਤਸੱਲੀ ਕਰ ਲੈਂਦੇ ਹਨ ਕਿ ਅਸੀਂ ਪੂਰੇ ਅੰਮ੍ਰਿਤ ਧਾਰੀ ਹਾਂ। ਪ੍ਰੰਤੂ ਪੰਡਿਤ ਸ਼ਰ੍ਹਾ ਦੇ ਬਹੁਤ ਹੀ ਪੱਕੇ ਹੁੰਦੇ ਹਨ। ਉਹ ਇਸ਼ਨਾਨ ਕਰਦੇ ਹਨ। ਤੁਹਾਨੂੰ ਅੱਗੇ ਵੀ ਕਈ ਵਾਰ ਦੱਸਿਆ ਹੈ ਕਿ ਅਗਰ ਅਸੀਂ ਧਿਆਨ ਨਾ ਲਾਈਏ ਤਦ ਹੋ ਸਕਦਾ ਹੈ ਕਿ ਅਸੀਂ ਬਿਲਕੁੱਲ ਨਾਸਤਕ ਹੋ ਜਾਈਏ ਕਿ ਚੌਹਾਂ ਵਿੱਚ ਕੋਈ ਇੱਕ ਹੀ ਬਖਸ਼ਿਆ ਜਾਵੇਗਾ। ਵੈਸੇ ਵੀ ਚਾਰਾਂ ਦੀਆਂ ਅੱਗੇ ਬਹੁਤ ਬ੍ਰਾਂਚਾਂ ਹਨ। ਹਿੰਦੂ ਧਰਮ ਵਾਲੇ ਕੋਈ ਅਸੂਲ ਦੱਸਦੇ ਹਨ, ਸਿੱਖ ਕੋਈ ਅਸੂਲ, ਮੁਸਲਮਾਨ ਅਤੇ ਈਸਾਈ ਕੋਈ ਹੋਰ ਅਸੂਲ ਦੱਸਦੇ ਹਨ। ਇਸ ਕਰਕੇ ਚਾਰਾਂ ਵਿੱਚੋਂ ਕਿਸੇ ਇੱਕ ਨੇ ਹੀ ਬਖਸ਼ਿਆ ਜਾਣਾ ਹੈ। ਬਾਕੀ ਦੇ ਤਿੰਨ ਤਾਂ ਗਲਤ ਹੀ ਹੋਏ? ਹੁਣ ਪੰਡਿਤ ਕਹਿੰਦੇ ਹਨ ਕਿ ਜੋ ਬ੍ਰਹਮ ਦਾ ਗਿਆਨ ਨਹੀਂ ਜਾਣਦੇ ਉਹ ਬਖਸ਼ੇ ਨਹੀਂ ਜਾਣਗੇ। ਜੋ ਰਹਿਤ ਅਨੁਸਾਰ ਇਸ਼ਨਾਨ ਨਹੀਂ ਕਰਦੇ ਉਹ ਬਖਸ਼ੇ ਨਹੀਂ ਜਾਣਗੇ। ਕਵੀਆਂ ਨੇ ਲਿਖਿਆ ਹੈ ਕਿ

*ਰੱਬ ਇੱਕ ਗੁੰਝਲਦਾਰ ਬੁਝਾਰਤ ਰੱਬ ਇੱਕ ਗੋਰਖ ਧੰਦਾ।*
*ਖੋਲ੍ਹਣ ਲੱਗਿਆਂ ਪੇਚ ਇਸ ਦੇ ਕਾਫ਼ਰ ਹੋ ਜਾਏ ਬੰਦਾ।*

ਅਗਰ ਸਾਰੇ ਧਰਮਾਂ ਨੂੰ ਪੜ੍ਹਨ ਲੱਗ ਪਵੋ ਤਦ ਜੀਵ ਕਾਫ਼ਰ ਹੋ ਜਾਂਦਾ ਹੈ ਕਿ ਅਗਰ ਆਹ ਨਾ ਕੀਤਾ ਤਦ ਨਹੀਂ ਬਖਸ਼ੇ ਜਾਣਾ। ਅਗਰ ਉਹ ਨਾ ਕੀਤਾ ਤਦ ਨਹੀਂ ਬਖਸ਼ੇ ਜਾਣਾ। ਫੇਰ ਸੋਚਦੇ ਹਨ ਕਿ ਛੱਡੋ ਖਹਿੜਾ ਸਾਰਿਆਂ ਦਾ, ਕਾਫ਼ਰ ਬਣ ਜਾਉ। ਰੱਬ ਹੈ ਹੀ ਨਹੀਂ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਵੱਖਰੇ-ਵੱਖਰੇ ਮਜ਼ਹਬਾਂ ਨੇ ਵੱਖਰੇ-ਵੱਖਰੇ ਤਰੀਕੇ ਬਣਾ ਲਏ। ਉਸੇ ਨੂੰ ਪੂਜਾ ਪਾਠ ਕਹਿੰਦੇ ਹਨ। ਹੁਣ ਜਿੱਥੋਂ (ਯੂ.ਏ. ਈ ਤੋਂ) ਜਸਵੰਤ ਸਿੰਘ ਆਏ ਹਨ ਉੱਥੇ ਸ਼ੁੱਕਰਵਾਰ ਦੀ ਛੁੱਟੀ ਹੁੰਦੀ ਹੈ। ਪਰ ਸਾਡੇ ਇੱਥੇ ਐਤਵਾਰ ਦੀ ਛੁੱਟੀ ਹੁੰਦੀ ਹੈ। ਉੱਥੇ ਨਮਾਜ ਪੜ੍ਹਦੇ ਹਨ। ਸਾਰੀਆਂ ਦੁਕਾਨਾਂ ਵਾਲੇ ਪੱਕੀ ਨਮਾਜ਼ ਪੜ੍ਹਦੇ ਹਨ। ਸਾਡੇ ਇੱਥੇ ਅਗਰ ਅੱਜ ਕਿਸੇ ਦੀ ਮੌਤ ਹੋ ਜਾਂਦੀ ਹੈ ਤਦ ਕਹਿੰਦੇ ਹਨ ਕਿ ਸਾਰੇ ਰਿਸ਼ਤੇਦਾਰ ਦੂਰੋਂ ਆਏ ਹੋਏ ਹਨ ਐਤਵਾਰ ਨੂੰ ਹੀ ਭੋਗ ਪਾ ਦਿਉ। ਨਾਲ ਦੀ ਨਾਲ ਫੁੱਲ ਤਾਰ ਆਉ, ਨਾਲ ਹੀ ਭੋਗ ਪਾ ਦਿਉ। ਸਭ ਆਪੋ ਆਪਣੀ ਸ਼ਰ੍ਹਾ ਦੇ ਪੱਕੇ ਹਨ। ਸਾਡੇ ਪਿੰਡਾਂ ਵਿੱਚ ਵੀ ਕਈ ਮੌਤ ਦਾ ਭੋਗ ਦੱਸਵੇਂ ਦਿਨ ਕਈ ਸਤਾਰਵੇਂ ਦਿਨ ਭੋਗ ਪਾਉਂਦੇ ਹਨ। ਸਾਰੇ ਆਪੋ ਆਪਣੇ ਅਸੂਲ ਵਰਤਦੇ ਹਨ। ਅਸੀਂ ਤਾਂ ਤੁਰੇ ਜਾਂਦੇ ਹੀ ਗੁਰਦੁਆਰੇ, ਮੰਦਿਰ, ਨੂੰ ਦੂਰੋਂ ਹੀ ਮੱਥਾ ਟੇਕ ਦਿੰਦੇ ਹਾਂ ਪਰ ਉਹ ਮੁਸਲਮਾਨ ਅਸੂਲ ਦੇ ਐਨੇ ਪੱਕੇ ਹਨ ਕਿ ਉਹਨਾਂ ਨੇ ਨਮਾਜ ਪੜ੍ਹਨੀ ਹੀ ਪੜ੍ਹਨੀ ਹੈ। ਪਰ ਮੁਸਲਮਾਨ ਪੰਜੇ ਵਕਤ ਜਦੋਂ ਨਮਾਜ ਦਾ ਸਮਾਂ ਆਉਂਦਾ ਹੈ ਦੁਕਾਨਾਂ ਖੁੱਲੀਆਂ ਛੱਡ ਕੇ ਨਮਾਜ ਪੜ੍ਹ ਰਹੇ ਹੁੰਦੇ ਹਨ। ਉੱਥੇ ਕੋਈ ਚੋਰੀ ਨਹੀਂ ਹੁੰਦੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਵੱਖਰੇ-ਵੱਖਰੇ ਮਜ਼ਹਬਾਂ ਵਿੱਚ ਵੱਖਰੇ-ਵੱਖਰੇ ਅਕੀਦੇ ਅਨੁਸਾਰ ਨਾਮ ਜਪਦੇ ਹਨ। ਪਰ ਪੰਡਿਤ ਕਹਿੰਦੇ ਹਨ ਕਿ ਸਿਰਫ਼ ਅਸੀਂ ਹੀ ਉੱਚੇ ਅਤੇ ਸੁੱਚੇ ਹਾਂ।

**ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ॥੨॥**

ਉਹ ਪ੍ਰਮਾਤਮਾ ਇੱਕ ਹੈ।

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ॥੧॥ (ਅੰਗ 1349)*

ਸੂਰਜ ਇੱਕ ਹੈ, ਰੁੱਤਾਂ ਅਨੇਕ ਹਨ। ਰਾਤ ਦਿਨ ਸਾਰੀ ਦੁਨੀਆਂ ਉੱਪਰ ਇੱਕੋ ਹੀ ਹਨ। ਰੱਬ ਇੱਕ ਹੀ ਹੈ।

God is One we are thy children.

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*
*(ਅੰਗ 611)*

ਉਸ ਪ੍ਰਮਾਤਮਾ ਨੂੰ ਅਸੀਂ ਵੱਖਰੇ-ਵੱਖਰੇ ਨਾਵਾਂ ਨਾਲ ਪੁਕਾਰ ਕੇ ਵੱਖਰੇ-ਵੱਖਰੇ ਮਜ਼ਹਬਾਂ ਵਿੱਚ ਵੰਡ ਲਿਆ ਹੈ। ਪ੍ਰੰਤੂ ਵਾਸਤਵ ਵਿੱਚ ਸੂਰਜ ਇੱਕ ਹੈ ਪਰ ਰੁੱਤਾਂ ਵਖੱਰੀਆਂ-ਵੱਖਰੀਆਂ ਆਉਂਦੀਆਂ ਹਨ। ਰਾਤ ਦਿਨ ਬਦਲਦੇ ਹਨ, ਮੌਸਮ ਬਦਲਦੇ ਹਨ ਪਰ ਉਹ ਮਾਲਿਕ ਕਦੇ ਨਹੀਂ ਬਦਲਦੇ। ਉਹ ਤਾਕਤ ਤਾਂ

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ (ਅੰਗ ੧)*

**ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥**

ਤੱਕੜੀ ਦੀ ਉੱਪਰ ਇੱਕ ਡੰਡੀ ਹੁੰਦੀ ਹੈ। ਉਸ ਦੇ ਦੋ ਛਾਬੇ ਹੁੰਦੇ ਹਨ। ਉਸ ਨੂੰ ਬੋਦੀ ਲਾ ਕੇ ਤੋਲਣ ਵਾਲੇ ਜੀਵ ਨੇ ਫੜਿਆ ਹੁੰਦਾ ਹੈ। ਅੱਜ ਕੱਲ ਤੋਲਣ ਦੇ ਕੰਪਿਊਟਰਾਈਜਡ ਸਿਸਟਮ ਆ ਗਏ ਹਨ ਪਰ ਇਹ ਉਦੋਂ ਦੀ ਗੱਲ ਹੈ ਜਦੋਂ ਗੁਰਬਾਣੀ ਦੀ ਰਚਨਾ ਹੋਈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਿਸ ਜੀਵ ਦੇ ਹੱਥ ਵਿੱਚ ਤੱਕੜੀ ਫੜਾ ਦਿੱਤੀ ਜਾਂਦੀ ਹੈ ਉਸ ਦਾ ਫਰਜ਼ ਨਹੀਂ ਬਣਦਾ ਕਿ ਉਹ ਬੇਈਮਾਨੀ ਕਰੇ। ਤੁਸੀਂ

ਅਗਰ ਮਾਲਿਕ ਦੇ ਪਿਆਰੇ ਹੋ, ਅਗਰ ਕੋਈ ਤੁਹਾਡੇ ਕੋਲ ਆਉਂਦਾ ਹੈ, ਤਦ ਉਸ ਨਾਲ ਗਲਤ ਵਰਤਾਉ ਨਾ ਕਰੋ। ਘੱਟ ਨਾ ਤੋਲੋ। ਇਸ ਕਰਕੇ ਸਾਡੇ ਹਜ਼ੂਰ ਧਿਆਨਪੁਰ ਵਾਲੇ ਵੀ ਫ਼ੁਰਮਾਇਆ ਕਰਦੇ ਸੀ ਕਿ ਜੋ ਜੀਵ ਘੱਟ ਤੋਲਦਾ ਹੋਵੇ, ਬੇਈਮਾਨੀ ਕਰਦਾ ਹੋਵੇ ਉਸ ਦੀ ਸੰਗਤ ਨਾ ਕਰੋ। ਤਦੇ ਗੁਰੂ ਰਵਿਦਾਸ ਜੀ ਪਹਿਲੇ ਜਨਮ ਵਿੱਚ ਜਦੋਂ ਕਲੀ ਪੰਡਿਤ ਸਨ ਤਾਂ ਉਹਨਾਂ ਦੇ ਸਤਿਗੁਰ ਨੇ ਉਹਨਾਂ ਨੂੰ ਲੰਗਰ ਲੈਣ ਲਈ ਭੇਜਿਆ ਤਦ ਉਸ ਨੇ ਕਿਸੇ ਬਾਣੀਏ ਕੋਲੋਂ ਰਾਸ਼ਨ ਲੈ ਆਂਦਾ ਸੀ। ਤਦ ਉਹਨਾਂ ਦੇ ਸਤਿਗੁਰੂ ਨੇ ਕਿਹਾ ਕਿ ਤੂੰ ਮਾੜਾ ਕਰਮ ਕੀਤਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਮਾਲਿਕ ਨੇ ਤੁਹਾਨੂੰ ਮਾਣਸ ਜਨਮ ਦੇ ਕੇ ਤੁਹਾਡੇ ਹੱਥ ਵਿੱਚ ਤਰਾਜੂ ਦੇ ਦਿੱਤਾ ਹੈ ਤਦ ਤੁਸੀਂ ਘੱਟ ਨਾ ਤੋਲੋ। ਉਸ ਨੂੰ ਮਾਲਿਕ ਦੇ ਸਮਰਪਿਤ ਕਰੋ ਕਿ ਸੱਚੇ ਪਾਤਿਸ਼ਾਹੋ!

*ਮੇਰਾ ਮੁਝ ਮੇ ਕਿਛ ਨਹੀ ਜੋ ਕਿਛ ਹੈ ਸੋ ਤੇਰਾ।*
*ਤੇਰਾ ਤੁਝ ਕੋ ਸਉਪਤੇ ਕਿਆ ਲਾਗੇ ਮੇਰਾ।*

**ਏਕੋ ਹਾਟੁ ਸਾਹੁ ਸਭਨਾ ਸਿਰਿ**
**ਵਣਜਾਰੇ ਇਕ ਭਾਤੀ॥੩॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸ਼ਾਹੂਕਾਰ ਵੀ ਇੱਕ ਹੀ ਹੈ। ਹੱਟੀ ਵੀ ਇੱਕ ਹੀ ਹੈ। ਪਰ ਗ੍ਰਾਹਕ, ਵਣਜਾਰੇ, ਖਰੀਦਦਾਰ ਵੱਖਰੇ-ਵੱਖਰੇ ਹਨ। ਇਸ ਤਰ੍ਹਾਂ ਰੱਬ ਇੱਕ ਹੈ ਉਸ ਦੀ ਅਲੱਗ ਤਰੀਕਿਆਂ ਨਾਲ ਪੂਜਾ ਹੁੰਦੀ ਹੈ, ਅਰਾਧਨਾ ਹੁੰਦੀ ਹੈ ਅਤੇ ਸਾਰੇ ਹੀ ਉਸ ਹੱਟ ਤੋਂ ਸਮਾਨ ਲੈ ਰਹੇ ਹਨ। ਸਭ ਆਪੋ ਆਪਣੇ ਨਾਮ ਦੇ ਅਨੁਸਾਰ ਲੈ ਰਹੇ ਹਨ। ਹਜ਼ੂਰ ਹੀ ਕਿਰਪਾ ਕਰਕੇ ਸਾਨੂੰ ਐਨੀ ਉੱਚੀ ਸੁੱਚੀ ਸੋਝੀ ਬਖਸ਼ਣ। ਇਸ ਤੋਂ ਭਾਵ ਹੈ ਕਿ ਤੁਸੀਂ ਚਾਹੇ ਕਨੇਡਾ, ਅਮਰੀਕਾ, ਇੰਗਲੈਂਡ ਚਲੇ ਜਾਉ ਚਾਹੇ ਦੁਬਈ, ਜਰਮਨੀ, ਇਟਲੀ, ਫਰਾਂਸ ਕਿਤੇ ਵੀ ਚਲੇ ਜਾਉ। ਹਰ ਜਗ੍ਹਾ ਰੱਬ ਇੱਕ ਹੀ ਹੈ। ਕੋਈ ਜਿਸ ਵੀ ਅਕੀਦੇ ਨਾਲ ਚੱਲ ਰਿਹਾ ਹੈ ਉਸ ਨੂੰ ਚੱਲਣ ਦਿਉ। ਪਰ ਤੁਸੀਂ ਆਪਣੇ ਅਕੀਦੇ 'ਤੇ ਕਾਇਮ ਰਹੋ ਫੇਰ ਤੁਹਾਨੂੰ ਕੋਈ ਆਂਚ ਨਹੀਂ ਆ ਸਕਦੀ।

**ਦੋਵੈ ਸਿਰੇ ਸਤਿਗੁਰੂ ਨਿਬੇੜੇ**
**ਸੋ ਬੂਝੈ ਜਿਸੁ ਏਕ ਲਿਵ ਲਾਗੀ**
**ਜੀਅਹੁ ਰਹੈ ਨਿਰਭਾਤੀ॥**

ਜਦੋਂ ਤੁਸੀਂ ਉੱਚੀ ਜਗ੍ਹਾ ਚੜ੍ਹ ਕੇ ਦੇਖੋਗੇ। ਸੱਜੇ ਤੋਂ ਵੀ ਖੱਬੇ ਤੋ ਵੀ ਅੱਗਿਉ ਵੀ ਅਤੇ ਪਿੱਛਿਉਂ ਵੀ ਅਸਮਾਨ ਧਰਤੀ ਨਾਲ ਜੁੜਿਆ ਦਿੱਸਦਾ ਹੈ। ਵਾਸਤਵ ਵਿੱਚ ਉਹ ਜੁੜਿਆ ਨਹੀਂ ਹੁੰਦਾ। ਉਹ ਧਰਤੀ ਤੋਂ ਉੱਚਾ ਹੀ ਹੁੰਦਾ ਹੈ। ਜਦੋਂ ਤੁਸੀਂ ਜੁੜੇ ਹੋਏ ਪਾਸੇ ਵੱਲ ਨੂੰ ਜਾਵੋਗੇ ਉਹ ਓਨਾ ਹੀ ਧਰਤੀ ਤੋਂ ਉੱਪਰ ਉੱਠਦਾ ਜਾਵੇਗਾ। ਉਹ ਮਾਲਿਕ ਸਾਡੇ ਨਾਲ ਜੁੜੇ ਹਨ। ਜਿੰਨੇ ਅਸੀਂ ਦੂਰ ਹਾਂ ਮਾਰ ਖਾ ਜਾਂਦੇ ਹਾਂ। ਜਿੱਥੇ ਪਿਆਰ ਕਰਦੇ ਹਾਂ ਉੱਥੇ ਜੁੜੇ ਦਿੱਸਦੇ ਹਨ।

*ਬੁਲ੍ਹਿਆ! ਸਹੁ ਤੈਥੋਂ ਵੱਖ ਨਹੀਂ।*
*ਪਰ ਤੇਰੀ ਦੇਖਣ ਵਾਲੀ ਅੱਖ ਨਹੀਂ।*

ਸੋਈ ਹਜ਼ੂਰ ਨੇ ਇਸ ਤਰ੍ਹਾਂ ਦੀਆਂ ਮਿਸਾਲਾਂ ਦੇ ਕੇ ਗੁਰਬਾਣੀ ਵਿੱਚ ਸਾਰਾ ਭੇਦ ਦਰਜ ਕੀਤਾ ਹੈ।

**ਸਬਦੁ ਵਸਾਏ ਭਰਮੁ ਚੁਕਾਏ**
**ਸਦਾ ਸੇਵਕੁ ਦਿਨੁ ਰਾਤੀ॥੪॥**

ਅਗਰ ਅਸੀਂ ਸ਼ਬਦ ਨਾਲ ਜੁੜਾਂਗੇ ਫੇਰ ਭਰਮ ਆਪਣੇ ਆਪ ਨੱਸ ਜਾਣਗੇ। ਜਿੱਥੇ ਵਜ਼ਨਦਾਰ ਚੀਜ਼ ਨੇ ਟਿਕਣਾ ਹੈ ਹਲਕੀ ਚੀਜ਼ ਨੇ ਉੱਥੋਂ ਦੌੜਨਾ ਹੈ। ਤੁਸੀਂ ਪਾਣੀ ਦੇ ਗਿਲਾਸ ਵਿੱਚ ਜਦੋਂ ਕੰਕਰ ਜਾਂ ਸਿੱਕਾ ਪਾਉਗੇ ਤਦ ਪਾਣੀ ਗਿਲਾਸ ਵਿੱਚੋਂ ਬਾਹਰ ਵੱਗਣਾ ਸ਼ੁਰੂ ਹੋ ਜਾਵੇਗਾ ਅਤੇ ਸਿੱਕਾ ਆਪਣੀ ਜਗ੍ਹਾ ਲੈ ਲੈਂਦਾ ਹੈ। ਇਸ ਤਰ੍ਹਾਂ ਸ਼ਬਦ ਰੂਪੀ ਤਾਕਤ ਬੜੀ ਪ੍ਰਬਲ ਹੈ ਜਿੱਥੇ ਗੁਰਬਾਣੀ ਆ ਜਾਵੇਗੀ ਉੱਥੋਂ ਕਰਮ ਆਪਣੇ ਆਪ ਭੱਜ ਜਾਣਗੇ। ਉੱਥੋਂ ਵਹਿਮ ਅਤੇ ਭੁਲੇਖੇ ਆਪਣੇ ਆਪ ਦੂਰ ਹੋ ਜਾਂਦੇ ਹਨ।

**ਊਪਰਿ ਗਗਨੁ ਗਗਨ ਪਰਿ ਗੋਰਖੁ**
**ਤਾ ਕਾ ਅਗਮੁ ਗੁਰੂ ਪੁਨਿ ਵਾਸੀ॥**

ਰਾਜਾ ਭਰਥਰੀ ਵੀ ਗੋਰਖ ਦੀ ਸੰਗਤ ਵਿੱਚ ਗਿਆ ਸੀ। ਗੋਰਖ ਨਾਥ ਬਹੁਤ ਸ਼ਕਤੀ ਵਾਲਾ ਸਿੱਧ ਸੀ। ਇੱਕ ਦਿਨ ਤੁਰੇ ਜਾਂਦਿਆਂ ਉਹਨਾਂ ਦੇ ਸੇਵਕ ਕਹਿਣ ਲੱਗੇ ਸੱਚੇ ਪਾਤਿਸ਼ਾਹ! ਅਸੀਂ ਥੱਕ ਗਏ ਹਾਂ ਅਤੇ ਆਪਣਾ ਟਿੱਲਾ ਅਜੇ ਬੱਤੀ ਮੀਲ ਦੀ ਦੂਰੀ 'ਤੇ ਹੈ। ਤਦ ਗੋਰਖ ਨਾਥ ਨੇ ਆਪਣਾ ਸਾਹ ਖਿੱਚਿਆ ਅਤੇ ਟਿੱਲਾ ਨੇੜੇ ਲੈ ਆਂਦਾ। ਸੇਵਕਾਂ ਨੂੰ ਕਿਹਾ ਇਸ ਉੱਪਰ ਬੈਠ ਜਾਉ। ਜਦੋਂ ਸੇਵਕ ਉੱਪਰ ਬੈਠ ਗਏ ਤਾਂ ਫੂਕ ਮਾਰ ਕੇ ਟਿੱਲਾ ਬੱਤੀ ਮੀਲ ਪਿੱਛੇ ਭੇਜ ਦਿੱਤਾ। ਸਾਰੀ ਸੰਗਤ ਨੂੰ ਪਹਾੜ ਉੱਪਰ ਬਿਠਾ ਕੇ ਸਾਹ ਖਿੱਚ ਕੇ ਪਹਾੜ ਲਾਗੇ ਲੈ ਆਉਣਾ ਅਤੇ ਫੂਕ ਮਾਰ ਕੇ ਪਿੱਛੇ ਭੇਜ ਦੇਣਾ। ਗੋਰਖ ਨਾਥ ਸਿੱਧ ਵਿੱਚ ਐਨੀ ਸ਼ਕਤੀ ਸੀ ਕਿ ਉਸ ਦੀ ਸੰਗਤ ਕਰਨ ਵਾਲੇ ਵੀ ਉੱਡਦੇ ਸਨ, ਪ੍ਰਵਾਜ਼ ਕਰਦੇ ਸਨ। ਉਹ ਬਾਹਰ ਮੁੱਖ ਵੀ ਉੱਡਦੇ ਸਨ ਅਤੇ ਅੰਤਰਮੁਖ ਵੀ ਉੱਡਦੇ ਸਨ। ਬਾਹਰਮੁੱਖ ਜਦੋਂ ਚੌਕੜੀ ਮਾਰ ਕੇ ਸਿਮਰਨ ਕਰਦੇ ਸੀ ਤਦ ਬੈਠੇ-ਬੈਠੇ

ਚੌਕੜੀ ਮਾਰੇ ਹੀ ਅਸਮਾਨ ਵੱਲ ਨੂੰ ਉੱਡ ਜਾਂਦੇ ਸੀ। ਬਾਲਕ ਨਾਥ ਵੀ ਉੱਡੇ ਸਨ। ਅਕਾਸ਼ ਵਿੱਚ ਬੱਦਲਾਂ ਤੋਂ ਉੱਪਰ ਉੱਡਦੇ ਸੀ। ਜਿਹਨਾਂ ਨੇ ਜਹਾਜ਼ ਦਾ ਸਫ਼ਰ ਕੀਤਾ ਹੈ ਉਹਨਾਂ ਨੇ ਦੇਖਿਆ ਹੋਵੇਗਾ ਕਿ ਜਦੋਂ ਜਹਾਜ਼ ਉਡਾਨ ਭਰ ਰਿਹਾ ਹੁੰਦਾ ਹੈ ਉਦੋਂ ਥੱਲੇ ਧੁੱਪ ਹੁੰਦੀ ਹੈ ਅਤੇ ਉੱਪਰ ਬੱਦਲ ਹੁੰਦੇ ਹਨ। ਫੇਰ ਜਹਾਜ਼ ਉੱਪਰ ਚਲਾ ਜਾਂਦਾ ਹੈ ਅਤੇ ਬੱਦਲ ਥੱਲੇ ਰਹਿ ਜਾਂਦੇ ਹਨ। ਫੇਰ ਹੋਰ ਉੱਤੇ ਜਾ ਕੇ ਲਾਈਟ ਆਉਂਦੀ ਹੈ ਅਤੇ ਤੇਜ ਦਿਨ ਚੜ੍ਹਿਆ ਹੁੰਦਾ ਹੈ। ਪਰ ਕੁਝ ਸਮਾਂ ਪਾ ਕੇ ਫੇਰ ਬੱਦਲ ਆ ਜਾਂਦੇ ਹਨ। ਉੱਪਰੋਂ ਥੱਲੇ ਨੂੰ ਦੇਖੋ ਤਾਂ ਇੰਝ ਲੱਗਦਾ ਹੈ ਕਿ ਥੱਲੇ ਬਰਫ਼ ਪਈ ਹੈ ਜਾਂ ਰੂੰ ਹੀ ਰੂੰ ਦਿਖਾਈ ਦੇ ਰਹੀ ਹੁੰਦੀ ਹੈ। ਪਰ ਅਸਲ ਵਿੱਚ ਉਹ ਬੱਦਲ ਹੀ ਹੁੰਦੇ ਹਨ। ਸੋਈ ਉਹ ਤਾਕਤਾਂ ਅਕਾਸ਼ ਤੱਕ ਨਿਗਾਹ ਰੱਖਦੀਆਂ ਹਨ ਕਿ ਕੋਈ ਜੀਵ ਭਟਕ ਤਾਂ ਨਹੀਂ ਰਿਹਾ। ਪਰ ਉਹ ਉਸ ਵਾਸਤੇ ਨਿਗਾਹ ਰੱਖਦੀਆਂ ਹਨ ਜੋ ਇੱਕ ਵਾਰੀ ਸ਼ਰਧਾ ਨਾਲ ਮਾਲਿਕ ਦੇ ਹੋ ਜਾਂਦੇ ਹਨ। ਫੇਰ ਉਹ ਉਹਨਾਂ ਦਾ ਖਹਿੜਾ ਨਹੀਂ ਛੱਡਦੇ। ਇਸੇ ਤਰ੍ਹਾਂ ਗੋਰਖ ਨਾਥ ਬਹੁਤ ਸ਼ਕਤੀ ਵਾਲਾ ਸੀ। ਉਹ ਸ਼ਕਤੀ ਦੁਆਰਾ ਅਕਾਸ਼ ਤੱਕ ਵੀ ਉਡ ਜਾਂਦਾ ਸੀ। ਜਦੋਂ ਭਰਥਰੀ ਰਾਜੇ ਨੇ ਗੋਰਖ ਨਾਥ ਕੋਲ ਜਾ ਕੇ ਕਿਹਾ ਕਿ ਮੈਨੂੰ ਭਾਖਿਆ ਅਤੇ ਅਲਹਾਮ ਹੋਇਆ ਹੈ ਕਿ ਜਦ ਤੱਕ ਤੂੰ ਫਲ੍ਹਾਣੇ ਰਾਜੇ ਦੀ ਲੜਕੀ ਨਾਲ ਸ਼ਾਦੀ ਨਹੀਂ ਕਰੇਂਗਾ ਤੇਰੀ ਗਤੀ ਨਹੀਂ ਹੋਣੀ। ਤਦ ਗੋਰਖ ਨਾਥ ਜੀ ਕਹਿਣ ਲੱਗੇ ਕਿ ਮੈਂ ਸ਼ਕਤੀ ਵਰਤ ਕੇ ਸਭ ਕੁਝ ਕਰ ਸਕਦਾ ਹਾਂ। ਪਰ ਇਹ ਸ਼ਕਤੀ ਮੇਰੇ ਕੋਲ ਨਹੀਂ ਹੈ। ਤੂੰ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਜਾਹ। ਉਹ ਪੀਰਾਂ ਦੇ ਪੀਰ ਹਨ। ਤਦ ਜੋ ਹੁਸ਼ਿਆਰਪੁਰ ਜਿਲ੍ਹੇ ਵਿੱਚ ਕਾਂਗੜ ਕੋਠੀ ਪਿੰਡ ਹੈ ਉੱਥੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਾਜੇ ਹੋਏ ਸਨ। ਰਾਜਾ ਭਰਥਰੀ ਉੱਥੇ ਆਇਆ ਅਤੇ ਬੇਨਤੀ ਕੀਤੀ। ਲੜਕੀ ਦੇ ਬਾਪ ਉਸ ਰਾਜੇ ਨੇ ਜੁਆਬ ਦੇ ਦਿੱਤਾ ਸੀ ਕਿ ਭਰਥਰੀ ਦਾ ਐਨਾ ਬੇਡੌਲ ਸਰੀਰ ਹੈ ਕਿਉਂਕਿ ਇੱਕੋ ਹੀ ਗਾਗਰ ਨਾਲ ਸਾਰੇ ਟਿੱਲੇ ਦੇ ਸਿੱਧਾਂ ਨੂੰ ਭਰਥਰੀ ਦਾ ਨ੍ਹਹਾ ਦਿੰਦਾ ਸੀ। ਉਹ ਕਹਿਣ ਲੱਗਾ ਬੇਡੌਲ ਸਰੀਰ ਵਾਲੇ ਨਾਲ ਮੈਂ ਆਪਣੀ ਲੜਕੀ ਦਾ ਵਿਆਹ ਨਹੀਂ ਕਰਨਾ। ਜਦੋਂ ਭਰਥਰੀ ਨੇ ਹਜ਼ੂਰ ਪਹਿਲੇ ਪਾਤਿਸ਼ਾਹ ਜੀ ਕੋਲ ਬੇਨਤੀ ਕੀਤੀ ਤਦ ਹਜ਼ੂਰ ਨੇ ਦ੍ਰਿਸ਼ਟੀ ਪਾ ਕੇ ਭਰਥਰੀ ਦੀ ਉਮਰ ਅਠਾਰਾਂ ਸਾਲ ਕਰ ਦਿੱਤੀ। ਫੇਰ ਭਰਥਰੀ ਦਾ ਵਿਆਹ ਰਾਜੇ ਦੀ ਲੜਕੀ ਨਾਲ ਹੋਇਆ ਅਤੇ ਉਸ ਤੋਂ ਬਾਦ ਉਸ ਦੀ ਗਤੀ ਹੋਈ। ਗੋਰਖ ਨਾਥ ਦੀ ਸੁਰਤ ਅਕਾਸ਼ ਤੱਕ ਜਾਂਦੀ ਸੀ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਦਾ ਸਾਰਾ ਭਰਮ ਤੋੜਿਆ।

**ਗੁਰ ਬਚਨੀ ਬਾਹਰਿ ਘਰਿ ਏਕੋ**
**ਨਾਨਕੁ ਭਇਆ ਉਦਾਸੀ ॥੫॥੧੧॥**

ਅਗਰ ਤੁਸੀਂ ਸਾਧੂਆਂ ਦੇ ਬਚਨਾਂ ਵਿੱਚ ਰਹੋਗੇ ਫੇਰ ਚਾਹੇ ਹਿੰਦੁਸਤਾਨ ਵਿੱਚ ਰਹੋ ਜਾਂ ਪਾਕਿਸਤਾਨ ਵਿੱਚ ਰਹੋ ਜਾਂ ਦਿੱਲੀ, ਬੰਬਈ, ਕਲਕੱਤਾ, ਇੰਗਲੈਂਡ, ਕਨੇਡਾ, ਅਮਰੀਕਾ ਰਹੋ। ਉਹ ਮਾਲਿਕ ਚੌਵੀ ਘੰਟੇ ਤੁਹਾਡੇ ਨਾਲ ਹੀ ਹੁੰਦੇ ਹਨ। ਜੋ ਇਨਸਾਨ ਬਚਨਾ ਵਿੱਚ ਹਨ ਹਜ਼ੂਰ ਉਹਨਾਂ ਦਾ ਕਦੇ ਖਹਿੜਾ ਨਹੀਂ ਛੱਡਦੇ। ਉਹਨਾਂ ਦੇ ਚੌਵੀ ਘੰਟੇ ਨਾਲ ਰਹਿੰਦੇ ਹਨ। ਸਾਨੂੰ ਸਾਧੂਆਂ ਸੰਤਾਂ ਦੇ ਬਚਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸੇ ਕਰਕੇ ਹੀ ਤੁਹਾਨੂੰ ਹਮੇਸ਼ਾ ਕਹੀਦਾ ਹੈ ਕਿ

*ਗੁਰ ਕਾ ਬਚਨੁ ਸਦਾ ਅਬਿਨਾਸੀ॥*
*ਗੁਰ ਕੈ ਬਚਨਿ ਕਟੀ ਜਮ ਫਾਸੀ॥ (ਅੰਗ 177)*

ਅਗਰ ਜੀਵ ਦੀ ਮੌਤ ਵੀ ਆਉਣੀ ਹੋਵੇ ਹਜ਼ੂਰ ਕਿਰਪਾ ਕਰਕੇ ਉਹ ਵੀ ਟਾਲ ਦਿੰਦੇ ਹਨ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਪੰਨਾ 510)*

# ਸਤਿਸੰਗ

**ਭੈਰਉ ਮਹਲਾ ੫॥ (ਅੰਗ 1142)**

**ਸਤਿਗੁਰੁ ਮੇਰਾ ਬੇਮੁਹਤਾਜੁ॥**

**ਸਤਿਗੁਰ ਮੇਰਾ ਸਚਾ ਸਾਜੁ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਉ! ਇੱਕ ਕਿਸੇ ਦੇ ਮੁਥਾਜ ਹੋਣਾ ਹੁੰਦਾ ਹੈ। ਸੰਤਾਂ ਬਾਰੇ ਫੁਰਮਾਨ ਕੀਤਾ ਹੈ ਕਿ

*ਸਭ ਪਰ ਤੁਮਰੀ ਸਾਹਿਬੀ ਤੁਮ ਪਰ ਸਾਹਿਬ ਨਾਹੀ।*

ਮਰਾਸੀ ਸਭ ਨੂੰ ਕਹਿੰਦਾ ਹੈ ਕਿ ਆਹ ਪੈਲੀ ਮੇਰੀ ਹੈ ਔਹ ਪੈਲੀ ਮੇਰੀ ਹੈ। ਅਗਰ ਕੋਈ ਕਹਿੰਦਾ ਹੈ ਕਿ ਗੰਨਾ ਭੰਨ ਲੈ। ਤਦ ਉਹ ਕਹਿੰਦਾ ਹੈ ਖੇਤ ਤਾਂ ਮੇਰੇ ਹੀ ਹਨ ਪਰ ਮੈਂ ਜਜਮਾਨ ਨੂੰ ਪੁੱਛ ਲਵਾਂ। ਇਸ ਤਰ੍ਹਾਂ ਜੋ ਵੀ ਦੁਨੀਆਂ ਵਿੱਚ ਆਉਂਦਾ ਹੈ ਉਸ ਤੋਂ ਉੱਪਰ ਕੋਈ ਨਾ ਕੋਈ ਤਾਕਤ ਹੁੰਦੀ ਹੈ। ਪ੍ਰੰਤੂ ਸੰਤ ਐਸੇ ਹੁੰਦੇ ਹਨ ਕਿ ਨਾ ਹੀ ਉਹ ਕਿਸੇ ਦੇ ਗੋਚਰੇ ਅਤੇ ਨਾ ਹੀ ਕਿਸੇ ਦੇ ਮੁਥਾਜ ਹੁੰਦੇ ਹਨ। ਤਾਜ ਤੋਂ ਭਾਵ ਹੈ ਹਾਕਮ। ਬੇਮੁਹਤਾਜ ਅਰਥਾਤ ਉਹਨਾਂ ਦੇ ਉੱਪਰ ਕਿਸੇ ਦੀ ਹਾਕਮੀ ਜਾਂ ਹਕੂਮਤ ਨਹੀਂ ਹੁੰਦੀ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਹਨ।

*ਸ਼ਾਹ ਸ਼ਾਹਿਨਸ਼ਾਹ ਗੁਰੂ ਗੋਬਿੰਦ ਸਿੰਘ।*

ਉਹਨਾਂ ਦੇ ਉੱਪਰ ਹੋਰ ਕੋਈ ਸਰਦਾਰੀ ਜਾਂ ਬਾਦਸ਼ਾਹੀ ਨਹੀਂ ਹੁੰਦੀ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਐਸੀ ਰਹਿਮਤ ਅਤੇ ਸਾਜ ਹੈ ਜੋ ਸਦਾ ਹੀ ਖੜਕਦੀ ਹੈ।

ਅੱਜ ਹੀ ਪਰਵਾਨਾ ਜੀ ਕਿਸੇ ਕੰਮ ਲਈ ਲੁਧਿਆਣੇ ਗਏ ਸੀ। ਇਹਨਾਂ ਨੇ ਸਾਨੂੰ ਪੁੱਛਿਆ, ਕਿਸੇ ਨੂੰ ਨਾਲ ਲੈ ਜਾਈਏ। ਅਸੀਂ ਕਿਹਾ ਤੁਸੀਂ ਉੱਥੋਂ ਹੀ ਜੋਗਿੰਦਰ ਸਿੰਘ ਨੂੰ ਨਾਲ ਲੈ ਲਇਉ। ਇਹਨਾਂ ਨੇ ਜੋਗਿੰਦਰ ਸਿੰਘ ਨੂੰ ਨਾਲ ਲੈ ਲਿਆ। ਜਿਸ ਕੰਮ ਲਈ ਗਏ ਸੀ ਉਹ ਕੰਮ ਕਰਕੇ ਬੜੇ ਚਾਅ ਨਾਲ ਵਾਪਸ ਮੁੜ ਪਏ। ਅਜੇ ਸ਼ਹਿਰ ਦੇ ਵਿੱਚ ਹੀ ਸਨ ਕਿ ਚੰਗੀ ਭਲੀ ਨਵੀਂ ਗੱਡੀ ਸੀ ਉਹ ਬੰਦ ਹੋ ਗਈ। ਸਾਨੂੰ ਹਜ਼ੂਰ ਨੇ ਸੋਝੀ ਬਖਸ਼ੀ ਕਿ ਪੁੱਛ ਲਈਏ। ਅਸੀਂ ਪੁੱਛਿਆ ਕਿ ਪਰਵਾਨਾ ਜੀ! ਕੀ ਹਾਲ ਹੈ, ਕਿੱਥੇ ਹੋ? ਇਹਨਾਂ ਨੇ ਦੱਸਿਆ ਕਿ ਕੰਮ ਤਾਂ ਹੋ ਗਿਆ ਹੈ, ਵਾਪਸ ਆ ਰਹੇ ਹਾਂ, ਪਰ ਗੱਡੀ ਬੰਦ ਹੋ ਗਈ ਹੈ ਅਤੇ ਚਲਦੀ ਨਹੀਂ ਹੈ। ਅਸੀਂ ਕਿਹਾ ਕਿਸੇ ਮਕੈਨਿਕ ਨੂੰ ਪੁੱਛ ਲਉ। ਹੋਰ ਤੁਹਾਨੂੰ ਉਂਝ ਪਤਾ ਨਹੀਂ ਚੱਲਣਾ। ਅਸੀਂ ਕਿਹਾ ਕਿਸੇ ਨੂੰ ਫੋਨ ਕਰ ਲਉ। ਇਹਨਾਂ ਨੇ ਮਕੈਨਿਕ ਲੈਣ ਲਈ ਭੇਜ ਦਿੱਤਾ ਅਤੇ ਨਾਲ ਹੀ ਸਰਤਾਜ ਸਿੰਘ ਨੂੰ ਫੋਨ ਕਰਕੇ ਪੁੱਛਿਆ ਕਿ ਗੱਡੀ ਇੰਝ ਖਰਾਬ ਕਰਦੀ ਹੈ। ਉਸ ਨੇ ਹੈਲਪ ਲਾਈਨ ਨੂੰ ਪੁੱਛਿਆ ਕਿ ਸਾਡੀ ਗੱਡੀ ਇੰਝ ਬੰਦ ਹੋ ਗਈ ਹੈ। ਉਹਨਾਂ ਨੇ ਦੱਸਿਆ ਕਿ ਜਿੱਥੇ ਡਰਾਈਵਰ ਦੇ ਨਾਲ ਦੂਸਰਾ ਬੰਦਾ ਅੱਗੇ ਬੈਠਦਾ ਹੈ। ਉੱਥੇ ਪੈਰਾਂ ਕੋਲ ਇੱਕ ਪਲੇਟ ਹੁੰਦੀ ਹੈ ਅਤੇ ਕਈ ਜੀਵਾਂ ਨੂੰ ਆਦਤ ਹੁੰਦੀ ਹੈ ਕਿ ਬੈਠਣ ਲੱਗਿਆਂ ਐਵੇਂ ਹੀ ਪੈਰ ਮਾਰੀ ਜਾਣਾ। ਉਹ ਪਲੇਟ ਪੈਰ ਵੱਜਣ ਨਾਲ ਢਿੱਲੀ ਹੋ ਗਈ ਹੋਣੀ ਹੈ। ਉਸ ਦੇ ਦੋ ਕਿੱਲ ਜਿਹੇ ਹੋਣੇ ਨੇ ਉਹਨਾਂ ਨੂੰ ਦੱਬ ਦਿਉ। ਜਦੋਂ ਤੁਸੀਂ ਉਹਨਾਂ ਨੂੰ ਦੱਬੋਗੇ ਗੱਡੀ ਚੱਲ ਪੈਣੀ ਹੈ।

ਪਹਿਲਾਂ ਅਸੀਂ ਸੁਣਿਆ ਸੀ ਕਿ ਜਰਮਨ ਵਿੱਚ ਮਰਸਿਡੀਜ਼ ਜਾਂ ਬੀ.ਐੱਮ. ਡਬਲਿਊ ਕਾਰ ਦੀ ਅਗਰ ਕਿਸੇ ਕੋਲੋਂ ਚਾਬੀ ਗਵਾਚ ਜਾਂਦੀ ਸੀ ਤਾਂ ਹੈਲਪ ਲਾਈਨ ਵਾਲਿਆਂ ਨੂੰ ਫੋਨ ਕਰਕੇ ਦੱਸ ਦਿੰਦੇ ਸੀ ਕਿ ਸਾਡੀ ਚਾਬੀ ਕਾਰ ਵਿੱਚ ਜਾਂ ਡਿੱਗੀ ਵਿੱਚ ਰਹਿ ਗਈ ਹੈ। ਅਗਰ ਚਾਬੀ ਡਿੱਗੀ ਵਿੱਚ ਰਹਿ ਜਾਂਦੀ ਹੈ ਤਦ ਸਟੇਰਿੰਗ ਦੇ ਕੋਲ ਇੱਕ ਲਾਲ ਰੰਗ ਦਾ ਬਟਨ ਹੁੰਦਾ ਹੈ ਉਸ ਨੂੰ ਦਬਾ ਦਿਉ ਤਦ ਝੱਟ ਉਸੇ ਕੰਪਨੀ ਵਿੱਚੋਂ ਅਵਾਜ ਆਵੇਗੀ ਕਿ ਦੱਸੋ ਮੇਰੇ ਕਸਟਮਰ ਤੁਹਾਨੂੰ ਕੀ ਚਾਹੀਦਾ ਹੈ? ਜਦੋਂ ਜੀਵ ਦੱਸਦਾ ਹੈ ਕਿ ਮੇਰੀ ਚਾਬੀ ਡਿੱਗੀ ਵਿੱਚ ਰਹਿ ਗਈ ਹੈ ਤਦ ਉਹ ਉੱਥੋਂ ਬਟਨ ਦਬਾ ਕੇ ਡਿੱਗੀ ਖੋਲ੍ਹ ਦਿੰਦੇ ਹਨ। ਇਸੇ ਤਰ੍ਹਾਂ ਸੰਤਾਂ ਕੋਲ ਵੀ ਬਟਨ ਹੁੰਦੇ ਹਨ। ਅਗਰ ਕਾਰ ਬਣਾਉਣ ਵਾਲੇ ਉੱਥੋਂ ਬਟਨ ਦਬਾ ਕੇ ਇੱਥੇ ਡਿੱਗੀ ਖੋਲ੍ਹ ਸਕਦੇ ਹਨ ਤਦ ਸੰਤਾਂ ਨੇ ਤਾਂ ਦੇਹ ਦੀ ਰਚਨਾ ਕੀਤੀ ਹੁੰਦੀ ਹੈ। ਉਹ ਵੀ ਬਟਨ ਦਬਾ ਕੇ ਸਭ ਕੁਝ ਠੀਕ ਕਰ ਸਕਦੇ ਹਨ। ਸੰਤਾਂ ਦੇ ਉੱਪਰ ਹੋਰ ਕੋਈ ਨਹੀਂ ਹੁੰਦਾ। ਉਹ ਵੱਜਦੇ ਸਾਜ ਨੂੰ ਠੀਕ ਕਰ ਦਿੰਦੇ ਹਨ। ਅਤੇ ਠੀਕ ਹੋਏ ਨੂੰ ਬੰਦ ਕਰ ਦਿੰਦੇ ਹਨ। ਸੋਈ ਸੰਤ ਕਿਸੇ ਦੇ ਮੁਥਾਜ਼ ਨਹੀਂ ਹਨ। ਉਹਨਾਂ ਦੇ ਉੱਪਰ ਕੋਈ ਬਾਦਸ਼ਾਹੀ ਨਹੀਂ ਹੈ। ਉਹਨਾਂ ਦੇ ਦਿੱਤੇ ਨੂੰ ਕੋਈ ਬੰਦ ਨਹੀਂ ਕਰ ਸਕਦਾ ਅਤੇ ਬੰਦ ਕੀਤੇ ਨੂੰ ਕੋਈ ਖੋਲ੍ਹ ਨਹੀਂ ਸਕਦਾ। ਹੁਣ ਜਦੋਂ ਟੈਕਨੀਕ ਆਈ ਹੈ ਤਦ ਲੋਕਾਂ ਨੂੰ ਯਕੀਨ ਆ ਜਾਂਦਾ ਹੈ ਕਿ ਇੰਝ ਵੀ ਹੋ ਸਕਦਾ ਹੈ।

*ਉਹ ਬੇਪ੍ਰਵਾਹ ਦਰਗਾਹ ਹੈ ਬਾਹੂ*<br>*ਉਥੇ ਰੋ ਰੋ ਹਾਸਿਲ ਥੀਵੇ ਹੂ।*

ਉੱਥੇ ਜੋਦੜੀਆਂ ਕੰਮ ਆਉਂਦੀਆਂ ਹਨ। ਬਰਾਬਰੀ ਕੰਮ ਨਹੀਂ ਆਉਂਦੀ।

**ਸਤਿਗੁਰੁ ਮੇਰਾ ਸਭਸ ਕਾ ਦਾਤਾ॥**
**ਸਤਿਗੁਰੁ ਮੇਰਾ ਪੁਰਖੁ ਬਿਧਾਤਾ॥੧॥**

ਆਪਾਂ ਜਿੰਨੇ ਵੀ ਬੈਠੇ ਹਾਂ ਸਾਰਿਆਂ ਦਾ ਦਾਤਾ ਇੱਕੋ ਹੀ ਹੈ। ਅਸੀਂ ਜਿਸ ਡਿਪਾਰਟਮੈਂਟ ਵਿੱਚ ਕੰਮ ਕੀਤਾ ਹੈ ਉਸ ਬਾਰੇ ਤੁਹਾਨੂੰ ਜ਼ਰੂਰ ਦੱਸ ਦਿੰਦੇ ਹਾਂ। ਜਿੰਨੇ ਵੀ ਐਡਵੋਕੇਟ ਹਨ ਜਾਂ ਲਾਅ ਜਾਣਦੇ ਹਨ ਉਹਨਾਂ ਨੂੰ ਪਤਾ ਹੈ ਕਿ ਜੋ ਐੱਸ.ਐੱਚ.ਓ. ਹੈ ਉਹ ਚਾਹੇ ਡਿਪਟੀ ਤੋਂ ਐੱਸ.ਐੱਸ.ਪੀ. ਤੋਂ ਥੱਲੇ ਹੁੰਦਾ ਹੈ ਪਰ ਕਤਲ ਦੇ ਜੁਰਮ ਤੱਕ ਵੀ ਐੱਸ.ਐੱਚ.ਓ. ਜਮਾਨਤ ਲੈ ਸਕਦਾ ਹੈ ਜਦੋਂ ਕਿ ਮੈਜਿਸਟ੍ਰੇਟ ਵੀ ਜਮਾਨਤ ਨਹੀਂ ਲੈ ਸਕਦਾ। ਇਸ ਤਰ੍ਹਾਂ ਸੰਤ ਐਨੀ ਸਮਰੱਥਾ ਰੱਖਦੇ ਹਨ ਕਿ ਉਹ ਵਿਧਾਤੇ ਬਣ ਕੇ ਅਗਰ ਕਿਸੇ ਜੀਵ ਦਾ ਕਰਮ ਵਧੀਆ ਨਹੀਂ ਵੀ ਹੁੰਦਾ ਤਾਂ ਉਹ ਵੀ ਦੋਬਾਰਾ ਲਿਖ ਕੇ ਠੀਕ ਕਰ ਸਕਦੇ ਹਨ। ਇਹ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ।

*ਸਤਿਗੁਰੁ ਮੇਰਾ ਪੁਰਖੁ ਬਿਧਾਤਾ॥ (ਅੰਗ 1142)*

ਕਿਉਂਕਿ ਤੁਲਸੀ ਸਾਹਿਬ ਦੇ ਵੀ ਬਚਨ ਹਨ ਕਿ

*ਤੁਲਸੀ ਲਿਖੀ ਨਸੀਬ ਕੀ ਸੰਤ ਦੇਤ ਹੈਂ ਫੇਰ*
*ਸੰਤ ਦੇਤ ਹੈਂ ਫੇਰ ਹਾਥ ਮੇਂ ਉਨਕੇ ਸਾਹਿਬ।*
*ਉਨਸੇ ਕਰਤਾ ਭੀ ਡਰੇ।*

ਕਰਤਾ ਜੋ ਕਿ ਸਾਡੇ ਕਰਮ ਲਿਖਦਾ ਹੈ ਉਹ ਵੀ ਸੰਤਾਂ ਤੋਂ ਥੱਲੇ ਹੁੰਦਾ ਹੈ। ਕਰਤਾ ਸੰਤਾਂ ਤੋਂ ਡਰਦਾ ਹੈ ਕਿ ਐਸਾ ਨਾ ਹੋਵੇ ਕਿ ਸੰਤ ਬੇਨਤੀ ਕਰਕੇ ਮੇਰੀ ਜਗ੍ਹਾ ਦੂਸਰਾ ਕਰਤਾ ਲਗਵਾ ਦੇਣ। ਸੰਤ ਐਨੀ ਤਾਕਤ ਵਾਲੇ ਅਤੇ ਸਮਰੱਥ ਹੁੰਦੇ ਹਨ। ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਵਿਧਾਤਾ ਤੋਂ ਵੀ ਉੱਪਰ ਹਨ ਅਤੇ ਉਹ ਸਾਰਿਆਂ ਦੇ ਦਾਤੇ ਹਨ।

**ਗੁਰ ਜੈਸਾ ਨਾਹੀ ਕੋ ਦੇਵ॥**
**ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥੧॥ ਰਹਾਉ॥**

ਸੰਤਾਂ ਵਰਗਾ ਕੋਈ ਦੇਵੀ ਦੇਵਤਾ ਨਹੀਂ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਮਹਾਰਾਜ ਮਾਤਾ ਪਾਰਵਤੀ ਜੀ ਅਤੇ ਹੋਰ ਵੀ ਜਿੰਨੇ ਅਵਤਾਰ ਹੋਏ ਹਨ। ਸੰਤਾਂ ਦੇ ਬਰਾਬਰ ਕੋਈ ਦੇਵੀ ਦੇਵਤਾ ਨਹੀਂ ਆ ਸਕਦਾ। ਉਹ ਸਾਰੇ ਵੀ ਸੰਤਾਂ ਦੀ ਸ਼ਰਨ ਵਿੱਚ ਰਹਿੰਦੇ ਹਨ। ਪਰ ਜਿਸ ਦੇ ਭਾਗ ਹੋਣਗੇ ਉਹੋ ਹੀ ਸੰਤਾਂ ਦੀ ਸ਼ਰਨ ਵਿੱਚ ਰਹਿਣਗੇ। ਕਿਉਂਕਿ ਸੰਤਾਂ ਦੀ ਸ਼ਰਨ ਕਸਾਈ ਦਾ ਕਿੱਲਾ ਹੁੰਦਾ ਹੈ। ਅਸੀਂ ਤੁਹਾਨੂੰ ਬਾਰ-ਬਾਰ ਕਹਿੰਦੇ ਹਾਂ ਕਿ ਸਾਧੂ ਦੀ ਸੰਗਤ ਕਰਨੀ ਜਾਂ ਸੇਵਾ ਵਿੱਚ ਰਹਿਣਾ ਬਹੁਤ ਹੀ ਕਠਿਨ ਮਾਰਗ ਹੈ। ਪਰ ਜੇਕਰ ਜੀਵ ਢੀਠ ਹੋ ਕੇ ਲੱਗਾ ਰਹੇ ਫੇਰ ਉਸ ਨਾਲ ਦੀ ਹੋਰ ਕੋਈ ਬਖਸ਼ਿਸ਼ ਨਹੀਂ ਹੈ। 'ਗੁਰ' ਇਸ ਕਰਕੇ ਕਿਹਾ ਗਿਆ ਹੈ ਕਿਉਂਕਿ ਸਤਿਗੁਰ ਉਹ ਹਨ ਜੋ ਗੁਰਬਾਣੀ ਵਿੱਚ ਲੀਨ ਹੋਏ ਹੁੰਦੇ ਹਨ ਅਤੇ ਲੀਨ ਹੋਏ ਅਗਾਂਹ ਜਿਸ ਦੀ ਡਿਊਟੀ ਲਾਉਂਦੇ ਹਨ ਉਸ ਨੂੰ 'ਗੁਰ' ਕਿਹਾ ਗਿਆ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਧੂਆਂ ਸੰਤਾਂ ਦੇ ਬਰਾਬਰ ਕੋਈ ਦੇਵੀ ਦੇਵਤਾ ਨਹੀਂ ਹੈ ਅਤੇ ਉਹ ਜੀਵ ਭਾਗਾਂ ਵਾਲੇ ਹਨ ਜੋ ਉਹਨਾਂ ਦੀ ਸ਼ਰਨ ਵਿੱਚ ਰਹਿੰਦੇ ਹਨ।

**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥**
**ਸਤਿਗੁਰੁ ਮੇਰਾ ਮਾਰਿ ਜੀਵਾਲੈ॥**

ਮੇਰੇ ਸਤਿਗੁਰ ਐਨੇ ਸਮਰੱਥ ਹਨ ਕਿ ਉਹ ਸਾਰਿਆਂ ਦੀ ਪਾਲਣਾ ਕਰਦੇ ਹਨ ਅਤੇ ਮੁਰਦਿਆਂ ਵਿੱਚ ਵੀ ਜਾਨਾਂ ਪਾ ਦਿੰਦੇ ਹਨ।

**ਸਤਿਗੁਰ ਮੇਰੇ ਕੀ ਵਡਿਆਈ॥**
**ਪ੍ਰਗਟੁ ਭਈ ਹੈ ਸਭਨੀ ਥਾਈ॥੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰ ਹਜ਼ੂਰ ਚੌਥੇ ਪਾਤਿਸ਼ਾਹ ਦੀ ਹੀ ਵਡਿਆਈ ਹੈ ਤਦੇ ਸਾਰੀ ਦੁਨੀਆਂ ਚਾਅ ਨਾਲ ਪਾਠ ਕਰਦੀ ਹੈ ਕਿ

*ਰਾਮਦਾਸ ਸਰੋਵਰਿ ਨਾਤੇ॥*
*ਸਭਿ ਉਤਰੇ ਪਾਪ ਕਮਾਤੇ॥*
*ਨਿਰਮਲ ਹੋਏ ਕਰਿ ਇਸਨਾਨਾ॥*
*ਗੁਰ ਪੂਰੇ ਕੀਨੇ ਦਾਨਾ॥੧॥ (ਅੰਗ 625)*

ਮੇਰੇ ਜਿਸ ਸਤਿਗੁਰ ਨੂੰ ਘਰਦਿਆਂ ਬਾਹਰਦਿਆਂ ਨੇ ਨਹੀਂ ਸੀ ਮੰਨਿਆ ਹੁਣ ਉਹਨਾਂ ਦੀ ਦੁਨੀਆਂ ਵਿੱਚ ਜੈ-ਜੈ ਹੋ ਰਹੀ ਹੈ।

**ਸਤਿਗੁਰ ਮੇਰਾ ਤਾਣੁ ਨਿਤਾਣੁ॥**
**ਸਤਿਗੁਰੁ ਮੇਰਾ ਘਰਿ ਦੀਬਾਣੁ॥**

ਜਿਸ ਜੀਵ ਦਾ ਕੋਈ ਤਾਣ ਅਰਥਾਤ ਆਸਰਾ ਜਾਂ ਸਹਾਰਾ ਨਹੀਂ ਹੈ ਮੇਰੇ ਸਤਿਗੁਰ ਉਸ ਦਾ ਸਹਾਰਾ ਬਣਦੇ ਹਨ। ਜਿਸ ਨੂੰ ਕੋਈ ਨਹੀਂ ਝੱਲਦਾ ਉਸ ਉੱਪਰ ਬਖਸ਼ਿਸ਼ ਕਰਦੇ ਹਨ। ਉਹ ਸਾਰਿਆਂ ਉੱਪਰ ਮਿਹਰਵਾਨ ਹਨ।

**ਸਤਿਗੁਰ ਕੈ ਹਉ ਸਦ ਬਲਿ ਜਾਇਆ॥**
**ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ॥੩॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮੈਂ ਆਪਣੇ ਸਤਿਗੁਰ ਤੋਂ ਬਲਿਹਾਰ ਜਾਂਦਾ ਹੈ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਤੱਕ ਵੀ ਮੇਰਾ ਮਾਰਗ ਦਰਸ਼ਨ ਕਰ ਦਿੱਤਾ ਹੈ ਅਰਥਾਤ ਰਸਤਾ ਦੱਸ ਦਿੱਤਾ ਹੈ ਕਿ ਇਸ ਰਸਤੇ ਉੱਪਰ ਚੱਲਣ ਨਾਲ ਤੁਹਾਡਾ ਉਧਾਰ ਹੋਵੇਗਾ।

**ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ॥**
**ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ॥**

ਜੋ ਜੀਵ ਸਾਧੂ ਦੀ ਸੰਗਤ ਵਿੱਚ ਰਹਿ ਕੇ ਸੇਵਾ ਕਰਦੇ ਹਨ ਉਹਨਾਂ ਨੂੰ ਕੋਈ ਡਰ ਨਹੀਂ ਰਹਿ ਜਾਂਦਾ ਅਤੇ ਉਹਨਾਂ ਨੂੰ ਕੋਈ ਦੁੱਖ ਜਾਂ ਸੰਤਾਪ ਨਹੀਂ ਲੱਗ ਸਕਦਾ।

**ਨਾਨਕ ਸੋਧੇ ਸਿੰਮ੍ਰਿਤਿ ਬੇਦ॥**
**ਪਾਰਬ੍ਰਹਮ ਗੁਰ ਨਾਹੀ ਭੇਦ॥੪॥੧੧॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਧੂਆਂ ਦੀ ਸੰਗਤ ਵਿੱਚ ਵੀ ਦੁੱਖ ਆਉਂਦਾ ਹੈ ਪਰ ਨਵਿਰਤ ਹੋ ਜਾਂਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਸੀਂ ਚਾਰ ਵੇਦ, ਛੇ, ਸ਼ਾਸਤਰ ਅਤੇ ਅਠਾਰਾਂ ਪੁਰਾਣ ਪੜ੍ਹ ਕੇ ਇਹ ਤੱਤ ਕੱਢਿਆ ਹੈ ਕਿ ਪਾਰਬ੍ਰਹਮ ਅਤੇ ਸੰਤਾਂ ਵਿੱਚ ਕੋਈ ਭੇਦ ਜਾਂ ਅੰਤਰ ਨਹੀਂ ਹੁੰਦਾ। ਉਹਨਾਂ ਉੱਪਰ ਖਾਸ ਬਖਸ਼ਿਸ਼ ਅਤੇ ਰਹਿਮਤ ਹੁੰਦੀ ਹੈ ਪਰ ਉਹ ਜਾਹਿਰ ਨਹੀਂ ਹੁੰਦੇ।

*ਪਲਟੂ ਦੇਹ ਕੇ ਕਾਰਨੇ ਵੋਹ ਸਾਹਿਬ ਹਮ ਦਾਸ।*
*ਚਾਰੋਂ ਜੁਗ ਪਰਲੋ ਭਈ ਹਮ ਹੀ ਕਰਨੇ ਹਾਰ*

ਜਦੋਂ ਤੱਕ ਸਾਧੂ ਦੇਹ ਵਿੱਚ ਹੁੰਦੇ ਹਨ ਉਹ ਦਾਸ ਹੁੰਦੇ ਹਨ। ਜਦੋਂ ਦੇਹ ਛੱਡ ਜਾਂਦੇ ਹਨ ਉਹ ਸਾਹਿਬ ਬਣ ਜਾਂਦੇ ਹਨ। ਇਸ ਕਰਕੇ ਕਿਸੇ ਵੀ ਸੰਤਾਂ ਨੇ ਆਪਣੇ ਆਪ ਨੂੰ ਸਾਹਿਬ ਨਹੀਂ ਕਿਹਾ, ਬਲਕਿ ਹਮੇਸ਼ਾਂ ਹੀ ਦਾਸ ਕਿਹਾ ਹੈ ਕਿਉਂਕਿ ਦੇਹ ਛੱਡਣ ਤੋਂ ਬਾਅਦ ਹੀ ਉਹ ਸਾਹਿਬ ਬਣਦੇ ਹਨ।

# ਸਤਿਸੰਗ

**ਮਾਰੂ ਸੋਲਹੇ ਮਹਲਾ ੩॥ (ਅੰਗ 1044)**

**ਗੁਰ ਤੇ ਬੂਝੇ ਤਾ ਦਰੁ ਸੂਝੈ॥**
**ਨਾਮ ਵਿਹੂਣਾ ਕਥਿ ਕਥਿ ਲੂਝੈ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਭੇਦ ਬਖਸ਼ ਰਹੇ ਹਨ ਕਿ ਇੱਕ ਗੁਰੂ ਹੈ ਜਿਸ ਨੂੰ ਸ਼ਬਦ ਰੂਪੀ ਤਾਕਤ ਕਿਹਾ ਗਿਆ ਹੈ।

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥੧॥*
*(ਅੰਗ 283)*

ਇੱਕ ਸਤਿਗੁਰ ਹੈ ਜਿਸ ਨੇ ਸ਼ਬਦ ਰੂਪੀ ਬਾਣੀ ਦਾ ਭੇਦ ਪ੍ਰਾਪਤ ਕਰ ਲਿਆ ਹੁੰਦਾ ਹੈ।

*ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸ ਕਾ ਨਾਉ॥*
*(ਅੰਗ 286)*

ਫੇਰ ਗੁਰਦੇਵ ਹੈ। ਗੁਰ ਉਹ ਹੈ ਜਿਸ ਦੀ ਕਿਸੇ ਪੂਰਨ ਸੰਤਾਂ ਨੇ ਅੱਗੇ ਡਿਊਟੀ ਲਾਈ ਹੁੰਦੀ ਹੈ ਕਿ ਤੂੰ ਆਹ ਕੰਮ ਕਰਨਾ ਹੈ। ਜਦੋਂ ਉਹ ਆਪਣੀ ਡਿਊਟੀ ਕਰਦਾ ਹੈ ਉਸ ਨੂੰ ਗੁਰ ਕਿਹਾ ਗਿਆ ਹੈ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਪੂਰਨ ਸੰਤ ਅਗਾਂਹ ਕਿਸੇ ਦੀ ਡਿਊਟੀ ਲਾਉਂਦੇ ਹਨ, ਉਹ ਜੁਗਤੀ ਦੱਸਦੇ ਹਨ। ਹੁਣ ਤੁਸੀਂ ਦਫਤਰਾਂ ਵਿੱਚ ਵੀ ਜਾਂ ਟੀ.ਵੀ. ਉੱਪਰ ਵੀ ਦੇਖਿਆ ਹੋਵੇਗਾ ਕਿ ਇੱਕ ਬਟਨ ਹੁੰਦਾ ਹੈ ਜੋ ਬਿਲਕੁੱਲ ਕੰਧ ਹੀ ਲੱਗਦਾ ਹੈ। ਉਸ ਬਟਨ ਨੂੰ ਦਬਾਉਣ ਨਾਲ ਦਰਵਾਜਾ ਖੁੱਲ ਜਾਂਦਾ ਹੈ। ਇਸੇ ਤਰ੍ਹਾਂ ਤਹਿ ਖਾਨੇ ਬਣੇ ਹੁੰਦੇ ਹਨ। ਜਦੋਂ ਜੀਵ ਉਹਨਾਂ ਦੇ ਅੰਦਰ ਚਲਾ ਜਾਂਦਾ ਹੈ ਤਾਂ ਉਸ ਨੂੰ ਭੇਦ ਤੋਂ ਬਿਨਾਂ ਬਾਹਰ ਆਉਣ ਦਾ ਪਤਾ ਨਹੀਂ ਲੱਗਦਾ। ਜੀਵ ਦੇ ਸਰੀਰ ਦੇ ਨੌਂ ਦਰਵਾਜੇ ਖੁੱਲ੍ਹੇ ਹਨ ਜਿਵੇਂ ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਮੂੰਹ, ਇੰਦਰੀ ਚੱਕਰ ਅਤੇ ਗੁਦਾ ਚੱਕਰ। ਇਹ ਨੌਂ ਦਰਵਾਜੇ ਹਨ। ਪਰ ਸਾਧੂ ਜੁਗਤੀ ਦੁਆਰਾ ਇਸ ਦਸਵੇਂ ਦੁਆਰ ਨੂੰ ਖੋਲਣ ਦਾ ਭੇਦ ਦੱਸਦੇ ਹਨ। ਅਗਰ ਕੋਈ ਜੀਵ ਕਹੇ ਕਿ ਮੈਂ ਉਂਝ ਹੀ ਭੇਦ ਪਤਾ ਲਾ ਲਵਾਂਗਾ ਤਾਂ ਇੱਕ ਮੁਸ਼ਕਿਲ ਹੈ। ਜੋ ਨਾਮ ਵਿਹੂਣਾ ਹੈ, ਜਿਸ ਨੂੰ ਸ਼ਬਦ ਰੂਪੀ ਬਾਣੀ ਦਾ ਭੇਦ ਹੀ ਨਹੀਂ ਹੈ ਉਹ ਇਸ ਗੁਣ ਤੋਂ ਵਿਹੂਣਾ ਹੈ। ਉਸ ਨੂੰ ਪਤਾ ਨਹੀਂ ਹੈ ਕਿ ਦਸਵਾਂ ਦੁਆਰ ਕਿਵੇਂ ਖੁੱਲਦਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਸ ਨੂੰ ਨਾਮ ਦਾ ਭੇਦ ਨਹੀਂ ਹੈ, ਸ਼ਬਦ ਰੂਪੀ ਬਾਣੀ ਦਾ ਭੇਦ ਨਹੀਂ ਹੈ, ਉਹ ਕਥਾ ਬਹੁਤ ਕਰੇਗਾ, ਵਿਆਖਿਆ ਬਹੁਤ ਕਰੇਗਾ। ਵਕੀਲਾਂ ਵਾਂਗ ਬਹਿਸ ਵੀ ਬਹੁਤ ਕਰੇਗਾ। ਪਰ ਭਗਤੀ ਮਾਰਗ ਵਿੱਚ ਜਦੋਂ ਤੱਕ ਕਿਸੇ ਨੂੰ ਗੁਰਬਾਣੀ ਦਾ ਭੇਦ ਨਹੀਂ ਲਗਦਾ ਉਹ ਇਸ ਰਹਿਮਤ ਬਾਰੇ ਨਹੀਂ ਦੱਸ ਸਕਦਾ ਕਿ ਦਸਵਾਂ ਦੁਆਰ ਕਿਵੇਂ ਖੁੱਲਦਾ ਹੈ।

**ਸਤਿਗੁਰ ਸੇਵੇ ਕੀ ਵਡਿਆਈ**
**ਤ੍ਰਿਸਨਾ ਭੂਖ ਗਵਾਈ ਹੇ॥੧੩॥**

ਜੋ ਜੀਵ ਸਾਧੂ ਦੀ ਸੰਗਤ ਕਰਦੇ ਹਨ ਉਹਨਾਂ ਨੂੰ ਸੰਤੋਖ ਅਤੇ ਸ਼ਾਂਤੀ ਆ ਜਾਂਦੀ ਹੈ। ਉਹਨਾਂ ਦੀ ਤ੍ਰਿਸ਼ਨਾ ਅਰਥਾਤ ਭੁੱਖ ਖਤਮ ਹੋ ਜਾਂਦੀ ਹੈ। ਤ੍ਰਿਸ਼ਨਾ ਤੋਂ ਭਾਵ ਹੈ ਜੋ ਗੁਰੂ ਪਿਆਰੇ ਹਨ ਅਗਰ ਉਹਨਾਂ ਕੋਲ ਮਕਾਨ ਨਹੀਂ ਹੈ ਤਦ ਉਹ ਬੇਨਤੀ ਕਰਦੇ ਹਨ ਕਿ ਹਜ਼ੂਰ ਸਾਨੂੰ ਇੱਕ ਮਕਾਨ ਬਖਸ਼ ਦਿਉ। ਜੇ ਮਕਾਨ ਮਿਲ ਜਾਂਦਾ ਹੈ ਉਹ ਸੋਚਦਾ ਹੈ ਕਿ ਠੀਕ ਹੈ ਹੁਣ ਮੇਰੇ ਕੋਲ ਮਕਾਨ ਹੈ। ਪਰ ਜਿਸ ਦੀ ਤ੍ਰਿਸ਼ਨਾ ਨਹੀਂ

ਬੁੱਝਦੀ ਉਹ ਕਹਿੰਦਾ ਹੈ ਇੱਕ ਮਕਾਨ ਹੋਰ ਬਣ ਜਾਵੇ ਉਸ ਨੂੰ ਕਿਰਾਏ 'ਤੇ ਦੇ ਦਿਆਂ ਜਾਂ ਹੋਰ ਵੀ ਮਕਾਨ ਮਿਲ ਜਾਣ। ਪਰ ਗੁਰੂ ਪਿਆਰੇ ਅਜਿਹੀ ਤ੍ਰਿਸ਼ਨਾ ਵਿੱਚ ਨਹੀਂ ਫਸਦੇ। ਉਹ ਬੇਨਤੀ ਕਰਦੇ ਹਨ ਕਿ

*ਸਤਿਗੁਰੂ ਇਤਨਾ ਦੇਹ ਜਿਤਨਾ ਕੁਟੰਬ ਸਮਾਇ।*
*ਮੈਂ ਭੀ ਭੁਖਾ ਨ ਰਹੂੰ ਸਾਧ ਨ ਭੁਖਾ ਜਾਇ।*

ਹਜ਼ੂਰ ਮੈਨੂੰ ਫੁਲਕਾ ਦੇ ਦਿਉ ਅਤੇ ਮੇਰੇ ਘਰ ਕੋਈ ਗੁਰੂ ਪਿਆਰੀ ਸਾਧ ਸੰਗਤ ਆਉਂਦੀ ਹੈ ਤਾਂ ਮੈਂ ਉਸ ਨੂੰ ਵੀ ਫੁਲਕਾ ਛਕਾ ਸਕਾਂ। ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਚਾਹ ਗਈ ਚਿੰਤਾ ਮਿਟੀ ਮਨੂਆ ਬੇਪ੍ਰਵਾਹ।*
*ਜਿਨ ਕੋ ਕਛੂ ਨ ਚਾਹੀਏ ਸੋ ਸ਼ਾਹਨ ਕੇ ਸ਼ਾਹ॥*

ਹੁਣ ਕਈ ਜੀਵ ਚੀਫ ਮਨਿਸਟਰ, ਸੈਂਟਰ ਮਨਿਸਟਰ ਜਾਂ ਸਟੇਟ ਮਨਿਸਟਰਾਂ ਦੇ ਅਹੁਦਿਆਂ 'ਤੇ ਰਹੇ ਹਨ। ਉਹ ਲੱਖਾਂ ਅਰਬਾਂ ਡਾਲਰ ਖਾਈ ਜਾ ਰਹੇ ਹਨ ਪਰ ਤ੍ਰਿਸ਼ਨਾ ਫੇਰ ਵੀ ਨਹੀਂ ਮਿਟਦੀ। ਪਰ ਜਿਸ ਨੂੰ ਗੁਰਬਾਣੀ ਉੱਪਰ ਭਰੋਸਾ ਆ ਜਾਂਦਾ ਹੈ ਉਸ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ। ਜਦੋਂ ਤੱਕ ਸੰਤੋਖ ਨਹੀਂ ਆਉਂਦਾ ਇਨਸਾਨ ਦੀ ਭੁੱਖ ਨਹੀਂ ਮਿਟਦੀ।

*ਬਿਨਾ ਸੰਤੋਖ ਨਹੀ ਕੋਊ ਰਾਜੈ॥ (ਅੰਗ 279)*

ਅੰਗਰੇਜ਼ਾਂ ਨੂੰ ਜਦੋਂ ਰੂੰ ਦੀ ਕਮੀ ਆਈ ਤਾਂ ਉਹਨਾਂ ਨੇ ਸਰਵੇ ਕਰਵਾਇਆ ਤਾਂ ਪਤਾ ਲੱਗਿਆ ਕਿ ਪੰਜਾਬ ਇੱਕ ਐਸਾ ਇਲਾਕਾ ਹੈ ਜਿਸ ਵਿੱਚ ਲਾਇਲਪੁਰ, ਸਰਗੋਧਾ, ਮਿੰਟਗੁਮਰੀ, ਮੁਲਤਾਨ ਵਾਲੇ ਪਾਸੇ ਕਪਾਹ ਦੀ ਪੈਦਾਵਾਰ ਜਿਆਦਾ ਹੁੰਦੀ ਹੈ। ਉਹਨਾਂ ਨੇ ਸੋਚਿਆ ਕਿ ਲੋਕਾਂ ਨੂੰ ਉਹ ਜਮੀਨ ਅਲਾਟ ਕਰਵਾ ਕੇ ਕਪਾਹ ਦੀ ਖੇਤੀ ਕਰਵਾਈ ਜਾਵੇ। ਤਦ ਅੰਗਰੇਜ਼ਾਂ ਨੇ ਪੰਜਾਬ ਦੇ ਇਧਰਲੇ ਇਲਾਕੇ ਵਿੱਚੋਂ ਲੋਕਾਂ ਨੂੰ ਉਸ ਇਲਾਕੇ ਵਿੱਚ ਜਬਰਦਸਤੀ ਖੜਿਆ ਕਿ ਚਲੋ ਅਸੀਂ ਉੱਥੇ ਤੁਹਾਨੂੰ ਜਮੀਨਾਂ ਦਿੰਦੇ ਹਾਂ ਅਤੇ ਕਪਾਹ ਦੀ ਖੇਤੀ ਕਰੋ। ਉੱਥੋਂ ਦੇ ਲੋਕ ਬਹੁਤ ਪੱਛੜੇ ਹੋਏ ਸਨ। ਉਸ ਇਲਾਕੇ ਦੇ ਪਛੜੇਪਨ ਦੀ ਇਕ ਹਾਸੇ ਵਾਲੀ ਮਿਸਾਲ ਹੈ ਕਿ ਇੱਕ ਵਿਆਹ ਦੇ ਮੌਕੇ ਉਹਨਾਂ ਨੇ ਬਰਾਤ ਘੋੜੀਆਂ ਉੱਪਰ ਖੜੀ। ਲੜਕੀ ਵਾਲਿਆਂ ਨੇ ਘੋੜੀਆਂ ਵਾਸਤੇ ਛੋਲਿਆਂ ਦੇ ਦਾਣੇ ਅਤੇ ਗੁੜ ਭੇਜਿਆ। ਬਰਾਤੀਆਂ ਨੇ ਸੋਚਿਆ ਕਿ ਸ਼ਾਇਦ ਇਹ ਕੋਈ ਸਵੀਟ ਡਿਸ਼ ਹੈ ਜਾਂ ਮਠਿਆਈ ਹੈ। ਉਹਨਾਂ ਦੇ ਗੁੜ ਦੇ ਨਾਲ ਉਹ ਦਾਣੇ ਖਾ ਲਏ। ਕੁਝ ਸਮੇਂ ਬਾਅਦ ਲੜਕੀ ਵਾਲਿਆਂ ਨੇ ਦੂਸਰੀ ਸਾਰੀ ਮਠਿਆਈ ਭੇਜੀ। ਤਦ ਉਹਨਾਂ ਨੇ ਪੁੱਛਿਆ ਕਿ ਪਹਿਲੀ ਮਠਿਆਈ ਕਿਹੜੀ ਸੀ। ਲੜਕੀ ਵਾਲਿਆਂ ਨੇ ਦੱਸਿਆ ਕਿ ਉਹ ਤਾਂ ਘੋੜੀਆਂ ਦੇ ਲਈ ਸੀ। ਉਹ ਕਹਿਣ ਲੱਗੇ ਅਸੀਂ ਤਾਂ ਉਸ ਮਠਿਆਈ ਨਾਲ ਹੀ ਰੱਜ ਲਿਆ ਹੈ ਹੁਣ ਅਸੀਂ ਇਹ ਮਠਿਆਈ ਕਿਵੇਂ ਖਾਵਾਂਗੇ। ਅਰਥਾਤ ਉਦੋਂ ਉਹਨਾਂ ਨੂੰ ਪਤਾ ਨਹੀਂ ਸੀ ਕਿ ਆਹ ਚੀਜ ਵੀ ਵਧੀਆ ਹੈ। ਹੁਣ ਇਹ ਕਿਸੇ ਦੇ ਪਿਉ ਦਾਦੇ ਦੀ ਜਾਇਦਾਦ ਨਹੀਂ ਹੈ ਜੋ ਗਿਆਨ ਪ੍ਰਾਪਤ ਕਰਦਾ ਹੈ ਉਹ ਅੱਗੇ ਲੰਘ ਜਾਂਦਾ ਹੈ।

1955-56 ਵਿੱਚ ਜਲੰਧਰ ਵਿਖੇ ਪੁਲੀਸ ਟੈਟੂ ਸ਼ੋਅ ਹੋਇਆ ਸੀ। ਪਾਕਿਸਤਾਨ ਦੀਆਂ ਵੀ ਟੀਮਾਂ ਵੀ ਆਈਆਂ ਸਨ। ਅਸੀਂ ਵੀ ਉਸ ਵਿੱਚ ਸ਼ਾਮਿਲ ਸੀ ਕਿਉਂਕਿ ਉਸ ਵਿੱਚ ਛੇ ਫੁੱਟ ਤੋਂ ਲੰਮੇ ਕੱਦ ਵਾਲੇ ਜੁਆਨਾਂ ਨੂੰ ਲੈਂਦੇ ਸਨ। ਮਿਸ਼ਾਲਾਂ ਅਤੇ ਪੀ.ਟੀ. ਦੀਆਂ ਪਰੇਡਾਂ ਹੋਈਆਂ। ਉਸ ਸਮੇਂ ਸਾਡੇ ਨਾਲ ਰਾਜਸਥਾਨ ਅਤੇ ਹਰਿਆਣੇ ਤੋਂ ਵੀ ਬੰਦੇ ਆਏ ਸਨ। ਇਹ ਸਾਰਾ ਪ੍ਰੋਗਰਾਮ ਪੀ.ਏ.ਪੀ. ਗਰਾਊਂਡ ਵਿੱਚ ਹੋਇਆ ਸੀ। ਇਸ ਵਿੱਚ ਉਦੋਂ ਡੀ.ਆਈ.ਜੀ. ਚੌਧਰੀ ਰਾਮ ਸਿੰਘ ਨੇ ਨਵੀਆਂ-ਨਵੀਆਂ ਬਿਲਡਿੰਗਾਂ ਬਣਾਈਆਂ ਸਨ। ਉੱਥੇ ਰਾਜਸਥਾਨ ਅਤੇ ਜੀਂਦ ਦੇ ਇਲਾਕੇ ਦੇ ਬੰਦੇ ਨਹਾਉਣ ਲਈ ਗਏ। ਜਦੋਂ ਬਾਥਰੂਮ ਦੇ ਅੰਦਰ ਗਏ ਤਾਂ ਉਹਨਾਂ ਨੇ ਟੂਟੀਆਂ ਚਲਾਈਆਂ ਅਤੇ ਪਾਣੀ ਦਾ ਘੁੱਟ ਪੀਤਾ ਜੋ ਉਹਨਾਂ ਨੂੰ ਮਿੱਠਾ ਲਗਾ। ਉਹ ਪਾਣੀ ਪੀ ਕੇ ਕੱਪੜੇ ਚੁੱਕ ਕੇ ਬਾਹਰ ਆ ਗਏ। ਅਸੀਂ ਪੁੱਛਿਆ ਤੁਸੀਂ ਵਾਪਸ ਕਿਉਂ ਆ ਗਏ ਹੋ? ਉਹ ਪੁੱਛਣ ਲੱਗੇ ਨਹਾਉਣ ਵਾਲਾ ਪਾਣੀ ਕਿੱਥੇ ਹੈ? ਅਸੀਂ ਦੱਸਿਆ ਕਿ ਅੰਦਰ ਜੋ ਟੂਟੀਆਂ ਲੱਗੀਆਂ ਹਨ ਉਹ ਨਹਾਉਣ ਵਾਲਾ ਪਾਣੀ ਹੀ ਹੈ। ਉਹ ਕਹਿਣ ਲੱਗੇ ਕਿ ਉਹ ਤਾਂ ਪੀਣ ਵਾਲਾ ਮਿੱਠਾ ਪਾਣੀ ਹੈ, ਨਹਾਉਣ ਵਾਲਾ ਨਹੀਂ ਹੈ। ਪਰ ਅੱਜ ਪੰਜਾਬ ਨਾਲੋਂ ਉਹ ਇਲਾਕਾ ਸੌ ਗੁਣਾ ਅੱਗੇ ਹੈ। ਅੱਜ ਪੰਜਾਬ ਦਾ ਇਲਾਕਾ ਜਿੰਨਾ ਅੱਗੇ ਸੀ ਓਨਾ ਪਿੱਛੇ ਹੋ ਗਿਆ ਹੈ। ਹੁਣ ਪੰਜਾਬ ਵਿੱਚ ਜੋ ਬੰਦੇ ਪੜ੍ਹਾਈ ਨਹੀਂ ਕਰਦੇ ਉਹ ਆਉਣ ਵਾਲੇ ਸਮੇਂ ਵਿੱਚ ਬਿਲਕੁੱਲ ਬੇਕਾਰ ਹੋ ਜਾਣਗੇ। ਉਹਨਾਂ ਨੂੰ ਮਜਦੂਰੀਆਂ ਕਰਨੀਆਂ ਪੈਣਗੀਆਂ। ਅਗਰ ਗਿਆਨ ਅਤੇ ਪੜ੍ਹਾਈ ਦੀ ਪ੍ਰਾਪਤੀ ਨਹੀਂ ਕਰਦੇ ਤਦ ਸਮਾਜਿਕ ਤੌਰ ਤੇ ਪਛੜ ਜਾਣਗੇ। ਅਗਰ ਬੰਦਗੀ ਦੀ ਪ੍ਰਾਪਤੀ ਨਹੀਂ ਕਰਦੇ ਤਦ ਉਹ ਨਾਸਤਿਕ ਹੋ ਜਾਣਗੇ। ਜੋ ਜੀਵ ਨਾਸਤਿਕ ਹੋ ਜਾਂਦਾ ਹੈ ਉਸ ਨੂੰ ਬੁਰੇ ਭਲੇ ਦੀ ਕੋਈ ਕਦਰ ਨਹੀਂ ਰਹਿ ਜਾਂਦੀ। ਬੰਦਗੀ ਅਤੇ ਸਿਮਰਨ ਕਰਨ ਨਾਲ ਇਨਸਾਨ ਦਾ ਮਨ ਸਾਫ ਹੋ ਜਾਂਦਾ ਹੈ। ਉਹ ਕਿਸੇ ਦਾ ਬੁਰਾ ਨਹੀਂ ਤੱਕਦਾ, ਕਿਸੇ ਦਾ ਵਿਰੋਧ ਨਹੀਂ ਕਰਦਾ।

ਇੱਥੇ ਜੋ ਗੁਰੂ ਦੀ ਸੰਗਤ ਆਉਂਦੀ ਹੈ ਉਹਨਾਂ ਨੂੰ ਮਾਲਿਕ ਨੇ ਹੋਰ ਜੋ ਬਖਸ਼ਣਾ ਹੈ ਉਹ ਤਾਂ ਮਾਲਿਕ ਕਿਰਪਾ ਕਰ ਰਹੇ ਹਨ। ਪਰ ਇਹ ਜੋ ਬੱਚੀਆਂ ਬੈਠੀਆਂ ਹਨ ਇਹਨਾਂ ਨੂੰ ਕਮ ਸੇ

ਕਮ ਇਹ ਫਿਕਰ ਤਾਂ ਨਹੀਂ ਹੈ ਕਿ ਮੇਰਾ ਪੁੱਤਰ ਬਜਾਰ ਗਿਆ ਹੈ। ਸ਼ਰਾਬ ਨਾਲ ਰੱਜ ਕੇ ਤਾਂ ਨਹੀਂ ਮੁੜੇਗਾ। ਜਾਂ ਜਿਹਨਾਂ ਦੇ ਪਰਿਵਾਰ ਵਿੱਚ ਸ਼ਰਾਬ ਚੱਲਦੀ ਹੈ ਜਦੋਂ ਕਦੇ ਕੋਈ ਚੀਕ ਮਾਰਦਾ ਹੈ ਤਾਂ ਔਰਤ ਪਰਿਵਾਰ ਨੂੰ ਕਹਿੰਦੀ ਹੈ ਵੇਖੀਂ ਤੇਰੇ ਵੀਰ ਦੀ ਚੀਕ ਤਾਂ ਨਹੀਂ ਹੈ। ਤੁਹਾਨੂੰ ਇਹ ਵਿਸ਼ਵਾਸ ਤਾਂ ਹੈ ਕਿ ਸਾਡਾ ਪਰਿਵਾਰ ਇਹਨਾਂ ਨਸ਼ਿਆਂ ਤੋਂ ਬਚਿਆ ਹੋਇਆ ਹੈ। ਇਹ ਬੀਬੀਆਂ ਜਾਂ ਪੁਰਸ਼ ਜੋ ਸੰਗਤ ਦੇ ਹਨ ਇਹਨਾਂ ਦੇ ਬੱਚੇ ਜਦੋਂ ਪੜ੍ਹ ਕੇ ਆਉਣਗੇ ਇਹਨਾਂ ਨੂੰ ਸੋਝੀ ਹੈ ਇਹ ਬੱਚਿਆਂ ਦੀਆਂ ਕਿਤਾਬਾਂ ਕਾਪੀਆਂ ਦੇਖਣਗੇ ਕਿ ਸਾਡਾ ਬੱਚਾ ਕੀ ਪੜ੍ਹ ਕੇ ਆਇਆ ਹੈ। ਪਰ ਸ਼ਰਾਬੀ ਜੀਵਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਮੇਰਾ ਪੁੱਤਰ ਜਾਂ ਧੀ ਕਿਸ ਜਮਾਤ ਵਿੱਚ ਪੜ੍ਹਦੇ ਹਨ। ਜਦੋਂ ਕੋਈ ਰਿਸ਼ਤੇਦਾਰ ਪੁੱਛਦਾ ਹੈ ਤੁਹਾਡਾ ਲੜਕਾ ਕਿਹੜੀ ਜਮਾਤ ਵਿੱਚ ਪੜ੍ਹਦਾ ਹੈ। ਬੰਦਾ ਕਹਿੰਦਾ ਹੈ ਮੁੰਡਾ ਸੱਤਵੀਂ ਵਿੱਚ ਹੈ। ਘਰ ਦੇ ਕਹਿੰਦੇ ਹਨ ਕਿ ਮੁੰਡਾ ਨੌਂਵੀਂ ਵਿੱਚ ਹੋ ਗਿਆ ਹੈ। ਅਸੀਂ ਬਹੁਤ ਥਾਵਾਂ ਤੇ ਐਸਾ ਦੇਖਿਆ ਹੈ ਜਿੱਥੇ ਪੁਰਸ਼ਾਂ ਨੂੰ ਪਤਾ ਹੀ ਨਹੀਂ ਹੈ ਕਿ ਮੇਰਾ ਪੁੱਤਰ ਜਾਂ ਧੀ ਕਿਹੜੀ ਜਮਾਤ ਵਿੱਚ ਪੜ੍ਹਦੇ ਹਨ। ਉਹਨਾਂ ਨੂੰ ਕੋਈ ਹੋਸ਼ ਨਹੀਂ ਹੁੰਦੀ। ਉਹ ਬੱਚਿਆਂ ਨੂੰ ਪੁੱਛਦੇ ਹੀ ਨਹੀਂ ਹਨ। ਇਸ ਤਰ੍ਹਾਂ ਹਰ ਖੇਤਰ ਵਿੱਚ ਗਿਆਨ ਦੀ ਲੋੜ ਹੈ। ਭਗਤੀ ਮਾਰਗ ਵਿੱਚ ਵੱਖਰਾ ਗਿਆਨ ਹੈ। ਸਮਾਜਿਕ ਤੌਰ ਤੇ ਪੜ੍ਹਾਈ ਦਾ ਗਿਆਨ ਅਲੱਗ ਹੈ। ਜੋ ਜ਼ਿੰਮੀਦਾਰ ਖੇਤੀ ਕਰਦਾ ਹੈ ਉਹ ਤਾਂ ਹੀ ਵਧੀਆ ਜ਼ਿੰਮੀਦਾਰ ਹੋਵੇਗਾ ਜੇ ਉਹ ਜਾਣਦਾ ਹੋਵੇਗਾ ਕਿ ਪੈਲੀ ਦਾ ਵੱਤਰ ਕਿਸ ਤਰ੍ਹਾਂ ਦਾ ਹੈ। ਇਹ ਬੀਜਣ ਯੋਗ ਹੈ ਜਾਂ ਨਹੀਂ। ਜਾਂ ਇਸ ਵਿੱਚ ਕਿਹੜੀ ਫਸਲ ਬੀਜਣੀ ਚਾਹੀਦੀ ਹੈ। ਕਿਹੜੀ ਫਸਲ ਕਦੋਂ ਬੀਜਣੀ ਹੈ। ਹਰ ਕਿੱਤੇ ਦਾ ਗਿਆਨ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਅਗਰ ਕੋਈ ਬਹੁਤੀਆਂ ਜਮਾਤਾਂ ਪੜ੍ਹ ਕੇ ਕਹੇ ਕਿ ਮੈਂ ਭਗਤੀ ਮਾਰਗ ਦੀ ਪ੍ਰਾਪਤੀ ਕਰ ਲਵਾਂਗਾ ਤਦ ਅਸੰਭਵ ਹੈ। ਕਿਉਂਕਿ

*ਕੁੰਭੇ ਬਧਾ ਜਲੁ ਰਹੈ*
*ਜਲ ਬਿਨੁ ਕੁੰਭੁ ਨ ਹੋਇ॥*
*ਗਿਆਨ ਕਾ ਬਧਾ ਮਨੁ ਰਹੈ*
*ਗੁਰ ਬਿਨੁ ਗਿਆਨੁ ਨ ਹੋਇ॥੫॥ (ਅੰਗ 469)*

ਸਾਧੂਆਂ ਦੀ ਬਖਸ਼ਿਸ਼ ਤੋਂ ਬਗੈਰ ਗੁਰਬਾਣੀ ਦਾ ਭੇਦ ਪਤਾ ਨਹੀਂ ਚੱਲ ਸਕਦਾ।

**ਆਪੇ ਆਪਿ ਮਿਲੈ ਤਾ ਬੂਝੈ॥**
**ਗਿਆਨ ਵਿਹੂਣਾ ਕਿਛੂ ਨ ਸੁਝੈ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਕਿਸੇ ਨੂੰ ਕਿਹਾ ਜਾਵੇ ਕਿ ਪਾਤਿਸ਼ਾਹੀਆਂ ਦੇ ਦਰਸ਼ਨ ਹੁੰਦੇ ਹਨ ਜਾਂ ਅੰਦਰ ਲਾਈਟ ਦਰਸ਼ਨ ਦਿੰਦੀ ਹੈ ਜਾਂ ਸੰਤਾਂ ਦੇ ਦਰਸ਼ਨ ਹੋਣ ਤੇ ਬਿਪਤਾ ਖਤਮ ਹੋ ਜਾਂਦੀ ਹੈ, ਬਿਮਾਰੀ ਹਰਨ ਹੋ ਜਾਂਦੀ ਹੈ। ਪਰ ਜਦੋਂ ਤੱਕ ਕਿਸੇ ਨੂੰ ਦਿਸਦਾ ਨਹੀਂ ਹੈ ਉਦੋਂ ਤੱਕ ਵਿਸ਼ਵਾਸ ਨਹੀਂ ਆਉਂਦਾ। ਚਾਹੇ ਕਿਸੇ ਨੂੰ ਕਿੰਨਾ ਵੀ ਕਹਿ ਦਿਉ।

*ਜਬ ਲਗ ਨਾ ਦੇਖੂੰ ਅਪਨੀ ਨੈਨੀ॥*
*ਤਬ ਲਗ ਨਾ ਮਾਨਉ ਗੁਰ ਕੀ ਬੈਨੀ॥*

ਗੁਰਬਾਣੀ ਵਿੱਚ ਦਰਜ ਹੈ ਕਿ ਜਦੋਂ ਤੱਕ ਇਨਸਾਨ ਖੁਦ ਨਹੀਂ ਦੇਖ ਲੈਂਦਾ ਉਸ ਨੂੰ ਕਿਸੇ ਦੇ ਕਹਿਣ 'ਤੇ ਵਿਸ਼ਵਾਸ ਨਹੀਂ ਆਉਂਦਾ ਯਕੀਨ ਨਹੀਂ ਆਉਂਦਾ। ਜਦੋਂ ਅਸੀਂ ਖੂਹ ਚਲਾਉਂਦੇ ਹੁੰਦੇ ਸੀ ਉਦੋਂ ਸੁਣਦੇ ਹੁੰਦੇ ਸੀ। ਵਿਦੇਸ਼ ਵਿੱਚੋਂ ਆਉਣ ਵਾਲਿਆਂ ਨੇ ਕਹਿਣਾ ਕਿ ਅਸੀਂ ਵਿਦੇਸ਼ ਵਿੱਚੋਂ ਆਏ ਹਾਂ ਉੱਥੇ ਜਦੋਂ ਬਟਨ ਦੱਬੀਦਾ ਹੈ ਪੰਜ ਛੇ ਖੂਹਾਂ ਦਾ ਪਾਣੀ ਪਰਲ-ਪਰਲ ਕਰਕੇ ਬਾਹਰ ਡਿੱਗਦਾ ਹੈ ਅਤੇ ਨੱਕਾ ਨਹੀਂ ਬੰਨਿਆ ਜਾਂਦਾ। ਅਸੀਂ ਇਹ ਸੋਚਣਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਬਟਨ ਦਬਾਉਣ ਨਾਲ ਪੰਜ ਛੇ ਖੂਹਾਂ ਦਾ ਪਾਣੀ ਬਾਹਰ ਆ ਜਾਵੇ। ਉਦੋਂ ਕਿਸੇ ਨੂੰ ਟਿਊਬਵੈਲ ਦਾ ਪਤਾ ਹੀ ਨਹੀਂ ਸੀ ਹੁੰਦਾ। ਅਸੀਂ ਤੁਹਾਨੂੰ ਛੋਟੀ ਜਿਹੀ ਗੱਲ ਦੱਸੀ ਹੈ। ਅੱਜਕੱਲ ਬਿਜਲੀ ਦਾ ਕਨੈਕਸ਼ਨ ਸਿਫਾਰਸ਼ਾਂ ਨਾਲ ਵੀ ਮਿਲਦਾ ਨਹੀਂ ਹੈ। ਪਹਿਲਾਂ ਬਿਜਲੀ ਦੇ ਕਨੈਕਸ਼ਨ ਕੋਈ ਲੈਂਦਾ ਨਹੀਂ ਸੀ। ਐੱਸ.ਡੀ.ਓ., ਜੇ.ਈ., ਲਾਈਨ ਸੁਪਰਡੈਂਟ ਨੇ ਖੰਭਿਆਂ ਉੱਪਰ ਬਲਬ ਜਗਾ ਕੇ ਉਹਨਾਂ ਖੰਭਿਆਂ ਨੂੰ ਜੱਫੀਆਂ ਪਾ ਪਾ ਕੇ ਲੋਕਾਂ ਨੂੰ ਦੱਸਣਾ ਕਿ ਦੇਖੋ ਬਿਜਲੀ ਮੈਨੂੰ ਨਹੀਂ ਚੰਬੜਦੀ ਤੁਹਾਨੂੰ ਕਿਵੇਂ ਚੰਬੜੇਗੀ। ਲੋਕੋ! ਆਪਣੇ ਘਰਾਂ ਵਿੱਚ ਬਿਜਲੀ ਦੇ ਲਾਟੂ ਲਗਵਾ ਲਉ। ਲੋਕਾਂ ਨੇ ਕਹਿਣਾ ਕਿ ਅਸੀਂ ਸੁਣਿਆ ਹੈ ਕਿ ਬਿਜਲੀ ਚੰਬੜ ਜਾਂਦੀ ਹੈ। ਇਹ ਘਰ ਵਿਚ ਲਗਵਾ ਕੇ ਅਸੀਂ ਬੱਚੇ ਮਾਰਨੇ ਹਨ? ਸਾਡੀ ਅਨਪੜ੍ਹਤਾ ਕਾਰਣ ਅਤੇ ਜਾਗ੍ਰਿਤੀ ਦਾ ਨਾ ਹੋਣਾ ਸਭ ਤੋਂ ਮਾੜਾ ਕੰਮ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਤੱਕ ਅਸੀਂ ਦੇਖ ਨਹੀਂ ਲੈਂਦੇ ਸਾਨੂੰ ਵਿਸ਼ਵਾਸ ਨਹੀਂ ਆਉਂਦਾ। ਅੱਜ ਦੇ ਯੁੱਗ ਵਿੱਚ ਸਮਾਜਿਰ, ਧਾਰਮਿਕ, ਪਰਿਵਾਰਿਕ ਤੌਰ ਤੇ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ। ਭਗਤੀ ਮਾਰਗ ਵਿੱਚ ਸਭ ਤੋਂ ਵੱਡੀ ਬਖਸ਼ਿਸ਼ ਇਹ ਹੈ ਕਿ ਇਨਸਾਨ ਦਾ ਮਨ ਸਾਫ ਹੋ ਜਾਂਦਾ ਹੈ। ਉਹ ਕਿਸੇ ਵਾਸਤੇ ਬੁਰਾ ਨਹੀਂ ਤੱਕਦਾ। ਅਗਰ ਕਿਸੇ ਦਾ ਭਲਾ ਨਹੀਂ ਕਰ ਸਕੇਗਾ ਤਾਂ ਬੁਰਾ ਵੀ ਨਹੀਂ ਕਰੇਗਾ। ਕਿਉਂਕਿ

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ॥ (ਅੰਗ 450)*

ਜਿਸ ਦੇ ਮਨ ਅੰਦਰ ਗੁਰਬਾਣੀ ਦਾ ਵਾਸਾ ਹੋ ਜਾਣਾ ਹੈ

ਗੁਰਬਾਣੀ ਨੇ ਉਸ ਤੋਂ ਗਲਤ ਕੰਮ ਨਹੀਂ ਕਰਵਾਉਣਾ। ਅਗਰ ਕੋਈ ਜੀਵ ਕਿਸੇ ਬਾਰੇ ਗਲਤ ਸੋਚਦਾ ਹੈ ਉਹ ਅਜੇ ਗੁਰਬਾਣੀ ਦੀ ਬਖਸ਼ਿਸ਼ ਤੋਂ ਵਾਂਝਾ ਹੈ।

**ਗੁਰ ਕੀ ਦਾਤਿ ਸਦਾ ਮਨ ਅੰਤਰਿ**

**ਬਾਣੀ ਸਬਦਿ ਵਜਾਈ ਹੇ॥੧੪॥**

ਗੁਰ ਦੀ ਬਖਸ਼ੀ ਹੋਈ ਦਾਤ ਕੋਈ ਪੰਡ ਨਹੀਂ ਹੁੰਦੀ ਕਿ ਸੰਤਾਂ ਨੇ ਉਸ ਨੂੰ ਕੋਈ ਸੋਫਾ, ਸਕੂਟਰ ਜਾਂ ਟਰੈਕਟਰ ਜਾਂ ਟਰੱਕ ਜਾਂ ਕਾਰ ਦੇ ਦਿੱਤੀ ਹੈ। ਗੁਰ ਤਾਂ ਅੰਦਰ ਦਾਤ ਬਖਸ਼ਦੇ ਹਨ। ਉਹ ਦਾਤ ਗੁਰਬਾਣੀ ਦੀ ਬਖਸ਼ਿਸ਼ ਹੁੰਦੀ ਹੈ। ਜਿੱਥੇ ਗੁਰਬਾਣੀ ਨੇ ਆ ਜਾਣਾ ਹੈ ਉੱਥੇ ਸਾਰੀਆਂ ਦਾਤਾਂ ਆਪਣੇ ਆਪ ਆ ਜਾਣੀਆਂ ਹਨ। ਜਿੱਥੇ ਚੀਫ਼ ਮਨਿਸਟਰ ਨੇ ਆਉਣਾ ਹੋਵੇ ਉੱਥੇ ਉਸ ਦੇ ਆਉਣ ਤੋਂ ਪਹਿਲਾਂ ਤੰਬੂ ਕਨਾਤਾਂ ਲੱਗੀਆਂ ਹੁੰਦੀਆਂ ਹਨ। ਲੋਕ ਬੈਠ ਕੇ ਉਸ ਦੀ ਉਡੀਕ ਕਰ ਰਹੇ ਹੁੰਦੇ ਹਨ। ਜਿੱਥੇ ਸ਼ਬਦ ਰੂਪੀ ਤਾਕਤ ਆ ਜਾਵੇਗੀ ਉੱਥੇ ਸਾਰੀਆਂ ਬਖਸ਼ਿਸ਼ਾਂ ਆਪਣੇ ਆਪ ਆ ਜਾਣੀਆਂ ਹਨ। ਅਗਰ ਛੋਟੇ ਜਿਹੇ ਅਫਸਰ ਦੇ ਆਉਣ ਤੇ ਲੋਕ ਆਉ ਭਗਤ ਕਰਦੇ ਹਨ ਫੇਰ ਜਿੱਥੇ ਵੱਡੇ ਤੋਂ ਵੱਡੀ ਤਾਕਤ ਨੇ ਆ ਜਾਣਾ ਹੈ ਜਿਹੜੀ ਕਿ

*ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥*
*ਜਿਸੁ ਪਾਸਿ ਬਹਿਠਿਆ ਸੋਹੀਐ*
*ਸਭਨਾਂ ਦਾ ਵੇਸਾਹੁ॥੨੨॥ (ਅੰਗ 1426)*

ਸ਼ਹਿਨਸ਼ਾਹਾਂ ਦੀ ਸ਼ਹਿਨਸ਼ਾਹ ਹੈ ਅਗਰ ਅਸੀਂ ਉਸ ਦੀ ਸੰਗਤ ਵਿੱਚ ਜਾਵਾਂਗੇ ਤਦ ਸਾਰੀਆਂ ਬਖਸ਼ਿਸ਼ਾਂ ਦੀ ਪ੍ਰਾਪਤੀ ਹੋਵੇਗੀ।

**ਜੋ ਧੁਰਿ ਲਿਖਿਆ ਸੁ ਕਰਮ ਕਮਾਇਆ॥**

**ਕੋਇ ਨ ਮੇਟੈ ਧੁਰਿ ਫੁਰਮਾਇਆ॥**

ਕੁਝ ਐਸੇ ਕਰਮ ਹਨ ਜੋ ਜੀਵ ਦੇ ਮਸਤਕ ਉੱਪਰ ਲਿਖੇ ਹੁੰਦੇ ਹਨ। ਜਿਸ ਤਰ੍ਹਾਂ ਅਗਰ ਅਸੀਂ ਆਪਣੇ ਉੱਪਰ ਘਟਾ ਕੇ ਦੇਖੀਏ ਕਿ ਸ਼ੁਰੂ ਵਿੱਚ ਜੋ ਸਾਡਾ ਇਲਾਕਾ ਰਿਆੜਕੀ ਹੈ। ਉੱਥੇ ਪਾਣੀ ਦੀ ਕਮੀ ਸੀ। ਰਾਤ ਨੂੰ ਹਲ ਵਾਹੁਣੇ, ਪਰਲੂ ਫੇਰਨੇ ਪਰ ਢੀਮਾਂ ਨਾਂ ਟੁੱਟਣੀਆਂ। ਫਿਰ ਆਹਿਸਤਾ-ਆਹਿਸਤਾ ਨਹਿਰ ਆਈ। ਖੁਸ਼ਕੀ ਵਾਲੇ ਇਲਾਕਿਆਂ ਵਿੱਚ ਟੈਕਸ ਲੱਗੇ। ਸਾਡੇ ਵਡੇ-ਵਡੇਰੇ ਕਾਹਨੂੰਵਾਨ ਛੰਭ ਵਿੱਚ ਡੰਗਰ ਚਾਰਦੇ ਹੁੰਦੇ ਸੀ। ਅਸੀਂ ਵੀ ਉਹਨਾਂ ਨੂੰ ਰੋਟੀਆਂ ਖੁਆਉਣ ਜਾਂਦੇ ਸੀ। ਅਸੀਂ ਫਲੇ ਵੀ ਵਾਹੇ। ਪੜ੍ਹਾਈ ਵੀ ਕੀਤੀ। ਫੇਰ ਬਟਾਲੇ ਰਾਇਲ ਫਾਉਂਡਰੀਜ ਵਿੱਚ ਹਿਸੇਦਾਰ ਬਣ ਕੇ ਕੰਮ ਵੀ ਕੀਤਾ। ਟੀਚਿੰਗ ਲਾਈਨ ਵਿੱਚ ਗਏ ਪਰ ਅੜਚਨ ਪੈਣ ਕਾਰਨ ਉਹ ਵੀ ਨਾ ਕਰ ਸਕੇ। ਪੁਲਿਸ ਵਿੱਚ ਭਰਤੀ ਹੋ ਗਏ। ਲੈਫਟ ਰਾਈਟ ਸਿੱਖੀ। ਫਿਰ ਦਾਏਂ ਬਾਏਂ ਸਿੱਖਿਆ। ਸ੍ਰੀਨਗਰ ਅਤੇ ਰਣ ਕੱਛ ਆਦਿ ਅਲੱਗ-ਅਲੱਗ ਜਗ੍ਹਾ ਤੇ ਜਾ ਕੇ ਫੌਜ ਵਿੱਚ ਨੌਕਰੀਆਂ ਕੀਤੀਆਂ। ਅਫਸਰੀ ਵੀ ਕੀਤੀ, ਥਾਣਿਆਂ ਵਿੱਚ ਲੱਗੇ ਰਹੇ ਪਰ ਅਖੀਰ ਤੇ ਇੱਥੇ ਆ ਕੇ ਭਗਤੀ ਮਾਰਗ ਵਿੱਚ ਆਏ। ਅਗਰ ਸਾਨੂੰ ਪਤਾ ਹੋਵੇ ਕਿ ਅਸੀਂ ਅਖੀਰਲੇ ਸਮੇਂ ਸਤਿਸੰਗ ਕਰਨਾ ਹੈ, ਕਥਾ ਕਰਨੀ ਹੈ ਜਾਂ ਬੰਦਗੀ ਕਰਨੀ ਹੈ ਤਾਂ ਕੋਈ ਵੀ ਪਹਿਲਾਂ ਸਾਰੇ ਕੰਮ ਨਹੀਂ ਕਰੇਗਾ। ਪਰ ਉਹ ਸਾਡੇ ਕਰਮ ਲਿਖੇ ਹੋਏ ਸਨ ਕਿ ਅਸੀਂ ਇੱਥੇ-ਇੱਥੇ ਵਿਚਰਨਾ ਹੈ। ਅਸੀਂ ਉੱਥੇ-ਉੱਥੇ ਵਿਚਰੇ ਵੀ ਹਾਂ। ਫੇਰ ਸਾਡੇ ਹਜ਼ੂਰ ਧਿਆਨਪੁਰ ਵਾਲੇ ਮਿਲੇ ਅਤੇ ਉਹਨਾਂ ਨੇ ਰੇਖ ਵਿੱਚ ਮੇਖ ਮਾਰ ਕੇ ਸਾਰਾ ਕੰਮ ਹੀ ਪਲਟ ਦਿੱਤਾ। ਵਰਨਾ ਪੁਲੀਸ ਦਾ ਅਫਸਰ ਹੋਵੇ ਅਤੇ ਭਗਤੀ ਵੱਲ ਲੱਗੇ ਇਹ ਅਸੰਭਵ ਜਿਹੀ ਗੱਲ ਹੈ। ਹਜ਼ੂਰ ਹੀ ਕਿਰਪਾ ਕਰਨ। ਮਸਤਕ ਰੇਖਾ ਨੂੰ ਸਿਰਫ ਸੰਤ ਹੀ ਬਦਲ ਸਕਦੇ ਹਨ।

*ਤੁਲਸੀ ਲਿਖੀ ਨਸੀਬ ਕੀ ਸੰਤ ਦੇਤ ਹੈਂ ਫੇਰ।*
*ਸੰਤ ਦੇਤ ਹੈਂ ਫੇਰ ਹਾਥ ਮੇਂ ਉਨਕੇ ਸਾਹਿਬ।*
*ਉਨਸੇ ਕਰਤਾ ਭੀ ਡਰੇ॥*

ਉਹ ਪੂਰਨ ਸੰਤ ਕਰਤੇ ਦੀ ਲਿਖੀ ਨੂੰ ਵੀ ਬਦਲ ਦਿੰਦੇ ਹਨ। ਇਸ ਕਰਕੇ ਹਜ਼ੂਰ ਤੀਸਰੇ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਜਿਸਦਾ ਕਰਤਾ ਸਮਰੱਥ ਹੈ, ਉਹ ਸਮਰੱਥਾ ਰੱਖਦੇ ਹਨ ਅਤੇ ਜੀਵ ਦੇ ਕਰਮ ਵਿੱਚ ਰੇਖ ਵਿੱਚ ਮੇਖ ਮਾਰ ਦਿੰਦੇ ਹਨ।

**ਸਤਸੰਗਤਿ ਮਹਿ ਤਿਨ ਹੀ ਵਾਸਾ**

**ਜਿਨ ਕਉ ਧੁਰਿ ਲਿਖਿ ਪਾਈ ਹੇ॥੧੫॥**

ਸਾਰੇ ਕਹਿੰਦੇ ਹਨ ਕਿ ਸਾਡੇ ਪਿੰਡ ਵਿੱਚ ਗੁਰਦੁਆਰਾ, ਮੰਦਿਰ, ਮਸਜਿਦ, ਚਰਚ ਹੈ ਐਨੀ ਦੂਰ ਜਾਣ ਦੀ ਕੀ ਲੋੜ ਹੈ।

*ਸੁਤ ਦਾਰਾ ਧਨ ਲਕਸ਼ਮੀ ਪਾਪੀ ਕੇ ਭੀ ਹੋਇ॥*
*ਸੰਤ ਸਮਾਗਮ ਹਰੀ ਕਥਾ ਤੁਲਸੀ ਦੁਰਲਭ ਦੋਇ॥*

ਲੇਕਿਨ ਸਤਿਸੰਗ ਵਿੱਚ ਆਉਣਾ ਵਡੇ ਭਾਗਾਂ ਦੀ ਗੱਲ ਹੈ। ਬਗੈਰ ਭਾਗਾਂ ਤੋਂ ਜੀਵ ਗੁਰੂ ਦਾ ਯਸ਼ ਨਹੀਂ ਸੁਣ ਸਕਦਾ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ

*ਕਰਨ ਨਸੀਬਾਂ ਵਾਲੇ ਸਤਿਸੰਗ ਦੋ ਘੜੀਆਂ।*

ਜੀਵ ਦੇ ਬਹੁਤ ਹੀ ਅੱਛੇ ਭਾਗ ਹੋਣ ਤਦ ਜੀਵ ਸਤਿਸੰਗ ਵਿੱਚ ਆਉਂਦਾ ਹੈ, ਗੁਰਬਾਣੀ ਦੇ ਬਚਨ ਸੁਣਦਾ ਹੈ। ਜਿੰਨਾ ਚਿਰ ਤੁਸੀਂ ਇੱਥੇ ਬੈਠੇ ਹੋ ਬੇਸ਼ਕ ਤੁਸੀਂ ਸਿਮਰਨ ਕਰਿਉ ਜਾਂ ਨਾ ਕਰਿਉ ਉਹ ਤਾਂ ਜੇ ਹਜ਼ੂਰ ਨੇ ਹੀ ਤੁਹਾਡੇ ਕੋਲੋਂ ਕਰਵਾਉਣਾ

ਹੈ, ਤੁਸੀਂ ਤਦੇ ਹੀ ਕਰੋਗੇ। ਪ੍ਰੰਤੂ ਸਤਿਸੰਗ ਵਿੱਚ ਬੈਠਿਆਂ ਇਕਾਗਰ ਚਿੱਤ ਹੋ ਕੇ ਗੁਰਬਾਣੀ ਦੇ ਬਚਨ ਗ੍ਰਹਿਣ ਕਰ ਲਵੋਗੇ ਤਦ ਹਜ਼ੂਰ ਦੀਆਂ ਬਖਸ਼ਿਸ਼ਾਂ ਦਾ ਕੋਈ ਅੰਤ ਨਹੀਂ ਰਹਿਣਾ। ਅਗਰ ਅਸੀਂ ਸਤਿਸੰਗ ਵਿੱਚ ਬੈਠੇ ਹੀ ਘਰ ਵਿੱਚ ਖਿਆਲ ਲੈ ਜਾਂਦੇ ਹਾਂ ਫੇਰ ਆਪਾਂ ਮਾਰ ਖਾਂਦੇ ਹਾਂ। ਜੀਵ ਦੇ ਬਹੁਤ ਉੱਚੇ ਭਾਗ ਹੋਣ ਤਦ ਜੀਵ ਨੂੰ ਸਤਿਸੰਗ ਸੁਣਨ ਦਾ ਸਮਾਂ ਮਿਲਦਾ ਹੈ।

**ਅਪਣੀ ਨਦਰਿ ਕਰੇ ਸੋ ਪਾਏ॥**
**ਸਚੈ ਸਬਦਿ ਤਾੜੀ ਚਿਤੁ ਲਾਏ॥**

ਜਿਸ ਉੱਪਰ ਹਜ਼ੂਰ ਦੀ ਰਹਿਮਤ ਦੀ ਨਦਰ ਹੋਵੇਗੀ ਉਹੋ ਹੀ ਇਸ ਦੀ ਪ੍ਰਾਪਤੀ ਕਰੇਗਾ। ਮਾਲਿਕ ਦੀ ਬਖਸ਼ਿਸ਼ ਨਾਲ ਸਿਮਰਨ ਕਰਨ ਬੈਠੇਗਾ ਅਤੇ ਤਾੜੀ ਲੱਗੇਗੀ ਅਤੇ ਰਹਿਮਤ ਦੀ ਪ੍ਰਾਪਤੀ ਕਰੇਗਾ।

**ਨਾਨਕ ਦਾਸੁ ਕਹੈ ਬੇਨੰਤੀ ਭੀਖਿਆ**
**ਨਾਮੁ ਦਰਿ ਪਾਈ ਹੇ॥੧੬॥**

ਸੱਚੇ ਪਾਤਿਸ਼ਾਹੋ! ਮੇਰੀ ਇੱਕ ਬੇਨਤੀ ਹੈ। ਮੈਂ ਇੱਕ ਭਿਖਾਰੀ ਬਣ ਕੇ ਤੁਹਾਡੇ ਦਰਬਾਰ ਵਿੱਚ ਆਇਆ ਹਾਂ ਮੇਰੀ ਝੋਲੀ ਵਿੱਚ ਨਾਮ ਦੀ ਖੈਰ ਪਾ ਦਿਉ। ਜਿਸ ਤਰ੍ਹਾਂ ਸ਼ੇਖ ਫਰੀਦ ਸਾਹਿਬ ਜੀ ਨੇ ਫੁਰਮਾਨ ਕੀਤਾ ਹੈ

*ਤੇਰੀ ਪਨਹ ਖੁਦਾਇ ਤੂੰ ਬਖ਼ਸੰਦਗੀ॥*
*ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥ (ਅੰਗ 488)*

ਸੋਈ ਮਾਲਿਕ ਕੋਲੋਂ ਬੰਦਗੀ ਦੀ ਖੈਰ ਮੰਗਣੀ ਚਾਹੀਦੀ ਹੈ। ਕਿਉਂਕਿ

*ਹਰਿ ਜੀਉ ਲੇਖੈ ਵਾਰ ਨ ਆਵਈ*
*ਤੂੰ ਬਖਸਿ ਮਿਲਾਵਣਹਾਰੁ॥ (ਅੰਗ 1416)*

ਖਰਚਾ ਕੀਤਿਆਂ ਜਾਂ ਲੇਖਾਂ ਦਿੱਤਿਆਂ ਬੰਦਗੀ ਨਹੀਂ ਮਿਲਦੀ। ਬੰਦਗੀ ਤਾਂ ਰਹਿਮਤ ਦੀ ਨਦਰ ਨਾਲ ਹੀ ਮਿਲ ਸਕਦੀ ਹੈ।

*ਨਦਰ ਜਬ ਪੜੀ ਤੋ ਬੰਦੇ ਕੋ ਮੌਲਾ ਕਰ ਦੀਆ।*
*ਮਿਹਰ ਮੇਂ ਆਏ ਤੋ ਕਤਰੇ ਕੋ ਦਰਿਆ ਕਰ ਦੀਆ।*

ਸਾਂਈਂ ਬੁੱਲ੍ਹੇ ਸ਼ਾਹ ਫੁਰਮਾਉਂਦੇ ਹਨ ਕਿ

*ਬੁਲ੍ਹੇ ਸ਼ਾਹ ਮੁਰਸ਼ਦ ਮਿਹਰਵਾਨ ਹੁੰਦਾ।*
*ਜਨਤ ਬਖਸ਼ ਦਿੰਦਾ ਫੜ ਕੇ ਕੁੱਤਿਆਂ ਨੂੰ।*

ਤਥਾ

*ਕੀੜਾ ਥਾਪਿ ਦੇਇ ਪਾਤਿਸਾਹੀ........॥ (ਅੰਗ 144)*

ਹਜ਼ੂਰ ਕੀੜਿਆਂ ਨੂੰ ਬਾਦਸ਼ਾਹੀਆਂ ਬਖਸ਼ ਦਿੰਦੇ ਹਨ। ਇਹ ਰਹਿਮਤ ਇਹ ਬਖਸ਼ਿਸ਼ ਜੀਵ ਨੂੰ ਮੰਗਦੇ ਰਹਿਣਾ ਚਾਹੀਦਾ ਹੈ ਫੇਰ

*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥*
*ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥੨॥*
*(ਅੰਗ 684)*

ਫੇਰ ਹਜ਼ੂਰ ਖੁਸ਼ੀਆਂ ਬਖਸ਼ਦੇ ਆਏ ਹਨ ਅਤੇ ਬਖਸ਼ਦੇ ਰਹਿਣਗੇ।

## ਫਾਰਮ 4


**ਅਨੁਸਾਰ ਗੁਰਬਾਣੀ ਉਪਮਾ (ਪੰਜਾਬੀ ਮਾਸਿਕ) ਬਾਰੇ ਲੋੜੀਂਦਾ ਵੇਰਵਾ—**

| | | |
|---|---|---|
| 1. | ਪ੍ਰਕਾਸ਼ਨ ਸਥਾਨ | ਜਲੰਧਰ |
| 2. | ਪ੍ਰਕਾਸ਼ਨ ਸਮਾਂ | ਮਾਸਿਕ |
| 3. | ਛਾਪਕ, ਪ੍ਰਕਾਸ਼ਕ ਤੇ ਮਾਲਕ ਦਾ ਨਾਂ | ਕਸ਼ਮੀਰਾ ਸਿੰਘ (ਗੁਰਬਾਣੀ ਦੇ ਕੂਕਰ) |
| 4. | ਪਤਾ | ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 (ਪੰਜਾਬ) |
| 5. | ਕੀ ਭਾਰਤ ਦਾ ਨਾਗਰਿਕ ਹੈ | ਹਾਂ |
| 6. | ਸੰਪਾਦਕ ਦਾ ਨਾਂ ਤੇ ਪਤਾ | ਮਹਿੰਦਰ ਸਿੰਘ ਪਰਵਾਨਾ, ਐੱਸ.ਜੀ.ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 |

ਮੈਂ ਕਸ਼ਮੀਰਾ ਸਿੰਘ ਬਿਆਨ ਕਰਦਾ ਹਾਂ ਕਿ ਵੱਧ ਤੋਂ ਵੱਧ ਜਾਣਕਾਰੀ ਅਤੇ ਵਿਸ਼ਵਾਸ਼ ਅਨੁਸਾਰ ਉਪਰੋਕਤ ਵੇਰਵਾ ਠੀਕ ਹੈ।

ਸਹੀ/-
ਮਿਤੀ 13-02-2011 ਪ੍ਰਕਾਸ਼ਕ

# ਸਤਿਸੰਗ

**ਸੂਹੀ ਮਹਲਾ ੩ ॥ (ਅੰਗ 756)**

**ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਨੇ ਐਨੀ ਵੱਡੀ ਉਮਰ ਵਿਚ ਐਨੀ ਸੇਵਾ ਕੀਤੀ ਜੋ ਕਿ ਵੱਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ। ਹਜ਼ੂਰ 61-62 ਸਾਲ ਦੀ ਉਮਰ ਤੱਕ ਕਾਸ਼ੀ, ਮਥੁਰਾ, ਹਰਿਦੁਆਰ ਜਾਂਦੇ ਰਹੇ। ਇੱਕ ਦਿਨ ਹਰਿਦੁਆਰ ਵਿਖੇ ਇਸ਼ਨਾਨ ਕਰਕੇ ਲੇਟੇ ਸੀ। ਗੋਪਾਲ ਪੰਡਿਤ ਨੇ ਪੈਰ ਵਿੱਚ ਪਦਮ ਦੇਖ ਕੇ ਕਿਹਾ ਕਿ ਤੁਹਾਡੇ ਸਿਰ ਉਪੱਰ ਰਹਿਮਤ ਦਾ ਛੱਤਰ ਝੁੱਲੇਗਾ। ਆਪ ਹੋਰ ਭੇਦ ਜਾਨਣ ਲਈ ਗੋਪਾਲ ਪੰਡਿਤ ਨੂੰ ਪਾਣੀ ਪਿਆਉਣ ਲੱਗੇ ਤਾਂ ਉਹਨਾਂ ਨੇ ਪੁੱਛਿਆ ਕਿ ਕੀ ਆਪ ਕਿਸੇ ਸਾਧੂ ਦੀ ਸੰਗਤ ਕਰਦੇ ਹੋ? ਆਪ ਦੇ ਨਾਂਹ ਕਹਿਣ ਤੇ ਉਹਨਾਂ ਨੇ ਆਪ ਦੇ ਹੱਥੋਂ ਪਾਣੀ ਨਹੀਂ ਪੀਤਾ। ਸੋਈ ਸਾਧੂ ਦੀ ਸੰਗਤ ਕਰਨ ਦੀ ਐਨੀ ਮਹਾਨਤਾ ਹੈ। ਹੁਣ ਸਾਧੂਆਂ ਦੇ ਅੱਛੇ ਕਰਮ ਜਾਂ ਅਮਲ ਨਹੀਂ ਰਹੇ ਤਦ ਲੋਕਾਂ ਦੇ ਮਨ ਵਿੱਚ ਸਾਧੂਆਂ ਬਾਰੇ ਐਸੀ ਭਾਵਨਾ ਆਈ ਹੈ ਵਰਨਾਂ ਸਾਧੂਆਂ ਦਾ ਰੁਤਬਾ ਬਹੁਤ ਉੱਚਾ ਅਤੇ ਸੁੱਚਾ ਹੈ। ਤਦ ਆਪ ਰੋਂਦੇ-ਰੋਂਦੇ ਘਰ ਆਏ ਕਿ ਮੈਂ ਤਾਂ ਆਪਣੇ ਆਪ ਨੂੰ ਭਗਤ ਸਮਝਦਾ ਸੀ ਪਰ ਪੰਡਤ ਜੀ ਨੇ ਮੇਰੇ ਹੱਥੋਂ ਪਾਣੀ ਵੀ ਨਹੀਂ ਪੀਤਾ। ਆਪ ਸਾਰੀ ਰਾਤ ਰੋਂਦੇ ਰਹੇ, ਨੀਂਦ ਨਹੀਂ ਆਈ। ਸਵੇਰੇ ਬੀਬੀ ਅਮਰੋ ਜੋ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਦੀ ਪੁੱਤਰੀ ਸੀ ਅਤੇ ਆਪ ਜੀ ਦੀ ਸ਼ਰੀਕੇ ਵਿੱਚੋਂ ਨੂੰਹ ਸੀ ਨੇ ਦੁੱਧ ਰਿੜਕਣਾ ਪਾਇਆ ਅਤੇ ਸਲੋਕ ਉਚਾਰਨ ਕੀਤਾ

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥*
*(ਅੰਗ463)*

ਆਪ ਪੁੱਛਣ ਲੱਗੇ ਪੁੱਤਰੀ! ਇਹ ਕਿਸ ਦੀ ਬਾਣੀ ਹੈ। ਬੀਬੀ ਅਮਰੋ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਪਰ ਬਿਰਾਜਮਾਨ ਮੇਰੇ ਪਿਤਾ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਇਹ ਸਲੋਕ ਹੈ। ਆਪ ਕਹਿਣ ਲੱਗੇ ਕਿ ਮੈਨੂੰ ਨਾਲ ਲੈ ਕੇ ਉਹਨਾਂ ਦੇ ਦਰਬਾਰ ਚੱਲੋ। ਬੀਬੀ ਅਮਰੋ ਨੇ ਕਿਹਾ ਉਹ ਤਾਂ ਸਭ ਦਾ ਸਾਂਝਾ ਘਰ ਹੈ। ਪਰ ਹਰ ਜੀਵ ਚਾਹੁੰਦਾ ਹੈ ਕਿ ਮੇਰੇ ਨਾਲ ਕੋਈ ਵਾਕਫ਼ੀਅਤ ਵਾਲਾ ਜੀਵ ਚੱਲੇ। ਆਪ ਬੀਬੀ ਅਮਰੋ ਨੂੰ ਨਾਲ ਲੈ ਕੇ ਸ੍ਰੀ ਖਡੂਰ ਸਾਹਿਬ ਲਈ ਤੁਰ ਪਏ। ਰਸਤੇ ਵਿੱਚ ਮਨ ਅੰਦਰ ਸ਼ੰਕਾ ਆ ਗਿਆ ਕਿ ਅਗਰ ਪੂਰਨ ਤਾਕਤ ਹਨ ਤਾਂ ਮੈਨੂੰ ਅੱਗਿਉਂ ਲੈਣ ਲਈ ਵੀ ਆਉਣ ਕਿਉਂਕਿ ਸਾਡਾ ਲੜਕਾ ਉਹਨਾਂ ਦੇ ਘਰ ਵਿਆਹਿਆ ਹੋਇਆ ਹੈ ਅਤੇ ਦੂਸਰਾ ਸੰਗਤ ਵਿੱਚ ਬੈਠਣ ਲਈ ਨਾ ਕਹਿਣ। ਹਜ਼ੂਰ ਦੂਸਰੇ ਪਾਤਿਸ਼ਾਹ ਜੀ ਆਪ ਜੀ ਨੂੰ ਅੱਗਉਂ ਲੈਣ ਲਈ ਵੀ ਆਏ ਤਦ ਆਪ ਨੇ ਸੋਚਿਆ ਕਿ ਸ਼ਾਇਦ ਸਹਿਵਨ ਹੀ ਆਏ ਹੋਣਗੇ। ਘਰ ਪਹੁੰਚ ਕੇ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਕਹਿਣ ਲੱਗੇ ਕਿ ਸਾਡੇ ਕੁੜਮ ਆਏ ਹਨ ਇਸ ਲਈ ਸਾਡਾ ਮੰਜਾ ਚੁੱਕ ਦਿਉ। ਦੋ ਮੰਜੇ ਲੈ ਕੇ ਆਉ। ਇੱਕ ਵੱਡਾ ਮੰਜਾ ਸਾਡੇ ਕੁੜਮਾਂ ਲਈ ਅਤੇ ਇੱਕ ਛੋਟਾ ਮੰਜਾ ਸਾਡੇ ਲਈ ਲਿਆਉ। ਤਦ ਆਪ ਢਹਿ ਕੇ ਚਰਨੀ ਪਏ। ਆਪ ਨੇ ਮੰਗ ਕੇ ਸੇਵਾ ਲਈ। ਪਾਣੀ ਢੋਣ ਦੀ ਸੇਵਾ ਲੱਗੀ। ਹਜ਼ੂਰ ਦੂਸਰੇ ਪਾਤਿਸ਼ਾਹ ਜੀ ਸ੍ਰੀ ਖਡੂਰ ਸਾਹਿਬ ਬਿਰਾਜਮਾਨ ਸਨ ਆਪ ਨੇ ਸ੍ਰੀ ਖਡੂਰ ਸਾਹਿਬ ਤੋਂ ਪੁੱਠੀ ਪੈਰੀਂ ਬਿਆਸ ਦਰਿਆ ਤੇ ਜਾ ਕੇ ਆਪ ਇਸ਼ਨਾਨ ਕਰਕੇ ਗਾਗਰ ਮਾਂਜ ਕੇ ਪਾਣੀ ਦੀ ਭਰ ਕੇ ਸਿੱਧੇ ਪੈਰੀਂ ਸ੍ਰੀ ਖਡੂਰ ਸਾਹਿਬ ਵਾਪਸ ਆਉਣਾ ਅਤੇ ਹਜ਼ੂਰ ਨੂੰ ਇਸ਼ਨਾਨ ਕਰਵਾਉਣਾ। ਆਪ ਨੇ ਬਾਰਾਂ ਸਾਲ ਸੇਵਾ ਕੀਤੀ। ਸੋਈ ਆਪ ਨੇ ਐਸੀ ਘਾਲਣਾ ਘਾਲੀ। ਆਪ ਇੱਕ ਦਿਨ ਪਾਣੀ ਲੈ ਕੇ ਆ ਰਹੇ ਸਨ। ਬਾਰਿਸ਼ ਹੋਈ ਹੋਣ ਕਰਕੇ ਆਪ ਦਾ ਪੈਰ ਤਿਲ੍ਹਕ ਗਿਆ ਅਤੇ ਆਪ ਜੁਲਾਹੇ ਦੀ ਖੱਡੀ ਵਿੱਚ ਡਿੱਗ ਪਏ। ਖੜਕਾ ਹੋਣ 'ਤੇ ਜੁਲਾਹਾ ਜੁਲਾਹੀ ਨੂੰ ਕਹਿਣ ਲੱਗਾ ਬਾਹਰ ਦੇਖ ਭਗਵਾਨੇ ਕਾਹਦਾ ਖੜਕਾ ਹੋਇਆ ਹੈ। ਜੁਲਾਹੀ ਕਹਿਣ ਲੱਗੀ ਅਮਰੂ ਨਿਥਾਵਾਂ ਹੋਵੇਗਾ, ਨਾ ਇਸ ਦਾ ਕੋਈ ਥਾਂ ਹੈ ਅਤੇ ਨਾ ਹੀ ਇਸਦੇ ਸਤਿਗੁਰ ਦਾ ਕੋਈ ਥਾਂ ਹੈ। ਆਪ ਕਹਿਣ ਲੱਗੇ ' ਓਏ ਝੱਲੀਏ! ਸੱਚ ਮੁੱਚ ਮੇਰਾ ਕੋਈ ਥਾਂ ਨਹੀਂ ਹੈ। ਪਰ ਜੇਕਰ ਗੁਰੂ ਦਾ ਕੋਈ ਥਾਂ ਨਹੀਂ ਹੈ ਫੇਰ ਦੁਨੀਆਂ ਵਿੱਚ ਥਾਂ ਵਾਲਾ ਕੌਣ ਹੈ। ਕਿਉਂਕਿ

*ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥*
*(ਅੰਗ 1375)*

ਤਦ ਉਹ ਲੜਕੀ ਸ਼ੁਦੈਣ ਹੋ ਗਈ। ਪੰਚਾਇਤ ਨੇ ਜਾ ਕੇ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਕੋਲ ਸ਼ਿਕਾਇਤ ਕੀਤੀ। ਆਪ ਨੇ ਹਜ਼ੂਰ ਦੇ ਪੁੱਛਣ'ਤੇ ਸਾਰੀ ਗੱਲ ਸੁਣਾਈ। ਹਜ਼ੂਰ ਦੂਸਰੇ ਪਾਤਿਸ਼ਾਹ ਜੀ ਨੇ ਫ਼ੁਰਮਾਨ ਕੀਤਾ ਕਿ ਕੌਣ ਕਹਿੰਦਾ ਹੈ ਮੇਰਾ ਪੁੱਤਰ ਨਿਥਾਂਵਾਂ ਹੈ। ਇਹ ਤਾਂ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਹਨ। ਇਹ ਬਚਨ ਦੇ ਕੇ ਹਜ਼ੂਰ ਨੇ ਆਪ ਉੱਪਰ ਉੱਥੇ ਹੀ ਬਖਸ਼ਿਸ਼ ਕਰ ਦਿੱਤੀ। ਹਜ਼ੂਰ ਤੀਸਰੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਸੂਖਮ ਉਹ ਚੀਜ ਹੈ ਜੋ ਬਹੁਤ ਛੋਟੀ ਹੁੰਦੀ ਹੈ ਦਿਖਾਈ ਨਹੀਂ ਦਿੰਦੀ। ਜਿਸ ਨੂੰ ਮਾਈਕਰੋਸਕੋਪ ਨਾਲ ਦੇਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਉਹ ਤਾਕਤ ਜਿਸ ਦਾ

ਕੋਈ ਆਕਾਰ ਨਹੀਂ ਹੈ।

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥੧॥*
*(ਅੰਗ 283)*

ਉਹ ਤਾਕਤ ਦ੍ਰਿਸ਼ਟਮਾਨ ਵਿੱਚ ਨਹੀਂ ਆਉਂਦੀ। ਉਹ ਤਾਕਤ ਅਗੰਮ ਹੈ ਉਸ ਦਾ ਅਜੇ ਤੱਕ ਕੋਈ ਭੇਦ ਨਹੀਂ ਪਾ ਸਕਿਆ। ਵੇਦ ਵੀ ਨੇਤੀ ਨੇਤੀ ਪੁਕਾਰ ਕੇ ਚਲੇ ਗਏ। ਫੇਰ ਜਿਹੜੀ ਤਾਕਤ ਦਿਸਦੀ ਨਹੀਂ ਹੈ, ਜਿਸ ਦਾ ਕੋਈ ਭੇਦ ਨਹੀਂ ਜਾਣ ਸਕਿਆ ਉਸਨੂੰ ਕਿਵੇਂ ਮਿਲਿਆ ਜਾ ਸਕਦਾ ਹੈ? ਹਜ਼ੂਰ ਰਿਸ਼ੀਆਂ ਮੁਨੀਆਂ ਨੂੰ ਆਪ ਹੀ ਸਵਾਲ ਪੁੱਛ ਰਹੇ ਹਨ ਅਤੇ ਆਪ ਹੀ ਅੱਗੇ ਜਵਾਬ ਬਖਸ਼ਣ।

**ਗੁਰ ਕੈ ਸਬਦਿ ਭ੍ਰਮੁ ਕਟੀਐ**
**ਅਚਿੰਤੁ ਵਸੈ ਮਨਿ ਆਇ॥੧॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਅਸੀਂ ਗੁਰਬਾਣੀ ਦੀ ਸੰਗਤ ਕਰਾਂਗੇ, ਗੁਰੂ ਦੇ ਸ਼ਬਦਾਂ ਦੀ ਪਾਲਣਾ ਕਰਾਂਗੇ ਫੇਰ ਅਸੀਂ ਦੁਨਿਆਵੀ ਚਿੰਤਾਵਾਂ ਤੋਂ ਮੁਕਤ ਹੋ ਜਾਵਾਂਗੇ ਅਤੇ ਉਹਨਾਂ ਤੋਂ ਬੱਚ ਜਾਵਾਂਗੇ। ਜੀਵ ਚਿੰਤਾ ਵਿੱਚ ਫਸ ਕੇ ਕਹੇਗਾ ਕਿ ਮੇਰਾ ਆਹ ਕੰਮ ਹੋ ਜਾਵੇ। ਅਗਰ ਉਹ ਕੰਮ ਨਹੀਂ ਹੁੰਦਾ ਤਦ ਜੀਵ ਬੇਭਾਵ ਹੋ ਜਾਂਦਾ ਹੈ। ਬੇਸ਼ਕ ਸੰਤਾਂ ਨੇ ਫ਼ੁਰਮਾਨ ਵੀ ਕੀਤਾ ਹੈ ਕਿ

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*
*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ॥੫੧॥*
*(ਅੰਗ 1429)*

ਪਰ ਕੀ ਕੋਈ ਜੀਵ ਕਹਿ ਸਕਦਾ ਹੈ ਕਿ ਮੈਨੂੰ ਚਿੰਤਾ ਨਹੀਂ ਹੈ? ਅਗਰ ਹੋਰ ਕੋਈ ਚਿੰਤਾ ਨਾ ਹੋਵੇ ਤਦ ਇਹੋ ਹੀ ਚਿੰਤਾ ਹੋਵੇਗੀ ਕਿ ਪਤਾ ਨਹੀਂ ਮੇਰਾ ਆਹ ਜੀਵਨ ਸਫ਼ਲ ਹੋਣਾ ਹੈ ਜਾਂ ਨਹੀਂ ਹੋਣਾ, ਮਾਲਿਕ ਦਾ ਮਿਲਾਪ ਹੋਣਾ ਹੈ ਜਾਂ ਨਹੀਂ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸਭ ਤੋਂ ਵੱਡੀ ਚਿੰਤਾ ਮਾਲਿਕ ਦੇ ਮਿਲਾਪ ਦੀ ਹੈ।

*ਦੁਖੁ ਵੇਛੋੜਾ ਇਕੁ ਦੁਖੁ ਭੂਖ॥ (ਅੰਗ 1256)*

ਇਹ ਚਿੰਤਾ ਸੱਚੇ ਗੁਰਸਿੱਖਾਂ ਅਤੇ ਸੱਚੇ ਗੁਰੂ ਪਿਆਰਿਆਂ ਨੂੰ ਅਵੱਸ਼ ਹੁੰਦੀ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਸਾਡੇ ਭਰਮ ਜਾਂਦੇ ਰਹਿਣਗੇ ਫੇਰ ਉਹ ਅਚਿੰਤ ਤਾਕਤ ਜਿਸ ਨੂੰ ਕੋਈ ਚਿੰਤਾ ਨਹੀਂ ਹੈ ਸਾਡੇ ਅੰਦਰ ਵਾਸਾ ਕਰੇਗੀ।

**ਗੁਰਮੁਖਿ ਹਰਿ ਹਰਿ ਨਾਮੁ ਜਪੰਨਿ॥**

'ਗੁਰਮੁਖ' ਨਾਮ ਰੱਖਣ ਨਾਲ ਜਾਂ ਲਿਬਾਸ ਪਾਉਣ ਨਾਲ ਗੁਰਮੁਖ ਨਹੀਂ ਬਣਿਆ ਜਾਂਦਾ। ਗੁਰਮੁਖ ਉਹ ਹਨ ਜੋ ਸਦਾ ਹਰੀ ਦੇ ਨਾਮ ਦਾ ਜਾਪ ਕਰਦੇ ਹਨ।

**ਹਉ ਤਿਨ ਕੈ ਬਲਿਹਾਰਣੈ**
**ਮਨਿ ਹਰਿ ਗੁਣ ਸਦਾ ਰਵੰਨਿ॥੧॥ ਰਹਾਉ॥**

ਅਸੀਂ ਉਹਨਾਂ ਤੋਂ ਬਲ ਹਾਰਦੇ ਹਾਂ, ਆਪਣੇ ਆਪ ਨੂੰ ਸਮਰਪਿਤ ਕਰਦੇ ਹਾਂ ਜੋ ਸਦਾ ਹੀ ਜਾਪ ਅਤੇ ਸਿਮਰਨ ਕਰਦੇ ਹਨ। ਅਸੀਂ ਉਹਨਾਂ ਤੋਂ ਬਲਿਹਾਰ ਜਾਂਦੇ ਹਾਂ।

**ਗੁਰੁ ਸਰਵਰੁ ਮਾਨ ਸਰੋਵਰੁ ਹੈ**
**ਵਡਭਾਗੀ ਪੁਰਖ ਲਹੰਨ੍ਹਿ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਮਾਨ ਸਰੋਵਰ ਐਸੀ ਝੀਲ ਹੈ ਜਿਸ ਵਿੱਚ ਮੋਤੀ ਹੁੰਦੇ ਹਨ। ਸ਼ਿਵ ਜੀ ਮਹਾਰਾਜ ਦਾ ਵੀ ਉੱਥੇ ਸਥਾਨ ਹੈ ਅਤੇ ਮਾਨ ਸਰੋਵਰ ਵਿੱਚ ਸ਼ੇਸ਼ਨਾਗ ਦੀ ਵੀ ਹੋਂਦ ਹੈ। ਕੋਈ ਵੀ ਉਸ ਮਾਨ ਸਰੋਵਰ ਵਿੱਚ ਜਾਣ ਦੀ ਹਿੰਮਤ ਨਹੀਂ ਕਰਦਾ।

*ਮਾਨ ਸਰੋਵਰ ਹੰਸ ਪਾਵਦੇ ਕੋਇਲ ਡਾਲੀ ਡਾਲੀ।*
*ਭੰਵਰਾ ਵੇ ਤੂੰ ਉੱਡ ਜਾਵੇਂਗਾ ਖਾਲੀ।*

ਮਾਨ ਸਰੋਵਰ ਝੀਲ ਵਿੱਚ ਹੀਰੇ ਮੋਤੀ ਅਤੇ ਰਤਨ ਹਨ ਪਰ ਵਿਰਲੇ ਹੀ ਭਾਗਾਂ ਵਾਲੇ ਜੀਵ ਉਸਨੂੰ ਪ੍ਰਾਪਤ ਕਰਦੇ ਹਨ। ਮਾਨ ਸਰੋਵਰ ਝੀਲ ਬਹੁਤ ਡੂੰਘੀ ਹੈ ਉਸ ਦੀ ਕੋਈ ਹਾਥ ਨਹੀਂ ਪਾ ਸਕਿਆ। ਪਰ ਉਸ ਦੇ ਥੱਲੇ ਮੋਤੀ ਹਨ। ਉਹ ਕਿਸ ਤਰ੍ਹਾਂ ਪ੍ਰਾਪਤ ਹੋ ਸਕਦੇ ਹਨ? ਹਜ਼ੂਰ ਉਸ ਬਾਰੇ ਭੇਦ ਬਖਸ਼ਣ। ਵੈਸੇ ਸੰਤਾਂ ਨੇ ਗੁਰਬਾਣੀ ਵਿੱਚ ਦਰਜ ਕਰ ਦਿੱਤਾ ਹੈ ਕਿ ਜੋ ਲਾਲ ਹੈ ਉਹ

*ਰਤਨ ਜਵੇਹਰੁ ਲਾਲੁ ਹਰਿ ਨਾਮਾ*
*ਗੁਰਿ ਕਾਢਿ ਤਲੀ ਦਿਖਲਾਇਆ॥ (ਅੰਗ 880)*

ਸਤਿਗੁਰ ਕਿਰਪਾ ਕਰਨ ਤਾਂ ਆਪਣੇ ਹੱਥ ਉੱਪਰ ਰੱਖ ਕੇ ਲਾਲ ਦਿਖਾ ਸਕਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਇਹ ਭਾਗਾਂ ਵਾਲੀ, ਮਾਨ ਸਰੋਵਰ ਝੀਲ ਗੁਰਮੁਖਾਂ ਨੂੰ ਪ੍ਰਾਪਤ ਹੁੰਦੀ ਹੈ।

**ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ॥੨॥**

ਜਿਹੜੇ ਸੇਵਕ ਹਨ ਉਹ ਪੂਰਨ ਤਾਕਤਾਂ ਦੀ ਖੋਜ ਵਿੱਚ ਰਹਿੰਦੇ ਹਨ। ਜਿਸ ਤਰ੍ਹਾਂ ਬਾਬਾ ਮੱਖਣ ਸ਼ਾਹ ਲੁਬਾਣਾ ਨੇ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੂੰ ਪ੍ਰਗਟ ਕੀਤਾ। ਇਸ ਤਰ੍ਹਾਂ ਗੁਰੂ ਪਿਆਰੇ ਪੂਰਨ ਸੰਤਾਂ ਦੀ ਹੋਂਦ ਨੂੰ ਜਾਹਿਰ ਕਰਦੇ ਹਨ। ਬੇਸ਼ੱਕ ਕੋਈ ਇਹ ਕਹਿ ਦੇਵੇ ਕਿ ਆਪਣੀ ਮਾਣ ਵਡਿਆਈ ਕਰਦੇ ਹਨ ਪਰ ਅਸੀਂ ਦੱਸਣ ਤੋਂ ਨਹੀਂ ਰਹਿ ਸਕਦੇ ਕਿ ਜਦੋਂ ਹਜ਼ੂਰ ਸਾਨੂੰ ਆਪਣੇ ਦਰਬਾਰ ਵਿੱਚ ਲੈ ਕੇ ਗਏ ਉੱਥੇ ਇੱਕ ਛੰਨ ਪਈ ਹੋਈ ਸੀ। ਨਾਨਕਸਰ ਕਲੇਰਾਂ ਵਾਲਿਆਂ ਦੇ ਵੀ ਜੋ ਵੱਡੇ ਸਤਿਗੁਰ ਸੰਤ ਹਰਨਾਮ ਸਿੰਘ ਜੀ ਜੋ ਕਿ ਭੁੱਚੋ ਮੰਡੀ ਦੇ ਰਹਿਣ ਵਾਲੇ ਸਨ, ਉਹ ਵੀ ਛੰਨ ਵਿੱਚ ਰਹਿੰਦੇ ਸਨ। ਜਦੋਂ ਕਥਾ ਕਰਕੇ, ਸਤਿਸੰਗ ਕਰਕੇ ਅਗੇ ਜਾਂਦੇ ਸੀ ਤਾਂ ਛੰਨ ਨੂੰ ਢੁਹਾ ਦਿੰਦੇ ਸਨ। ਅਸੀਂ ਵੀ ਜਦੋਂ ਆਪਣੇ ਸੰਤਾਂ ਦੇ ਦਰਬਾਰ ਵਿੱਚ ਗਏ ਉੱਥੇ ਛੰਨ ਸੀ। ਜਦੋਂ ਹਨੇਰੀ ਆਉਣੀ ਛੰਨ ਨੇ ਉੱਡ ਜਾਣਾ। ਅਸੀਂ ਜਾ ਕੇ ਬੇਨਤੀ ਕੀਤੀ ਤਦ ਹਜ਼ੂਰ ਕਹਿਣ ਲੱਗੇ ਤੈਨੂੰ ਭੁਲੇਖਾ ਲੱਗਾ ਹੋਣਾ ਏਂ। ਹਜ਼ੂਰ ਸਾਨੂੰ ਸਰਦਾਰ ਜੀ ਕਹਿੰਦੇ ਹੁੰਦੇ ਸਨ। ਇਹ ਹਜ਼ੂਰ ਦੀ ਵਡਿਆਈ ਸੀ ਕਿ ਉਹ ਮੇਰੇ ਜਿਹੇ ਅਦਨੇ ਜਿਹੇ ਸੇਵਕ ਨੂੰ ਸਰਦਾਰ ਜੀ ਕਹਿੰਦੇ ਸਨ।

ਕਿਉਂਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੀਆਂ ਬਖਸ਼ੀਆਂ ਹੋਈਆਂ ਸਰਦਾਰੀਆਂ ਹਨ। ਹਜ਼ੂਰ ਕਹਿਣ ਲੱਗੇ ਸਰਦਾਰ ਜੀ! ਭਲਾ ਜੇਕਰ ਸਾਡੇ ਕੋਲ ਨਾਮ ਦੀ ਥੋੜ੍ਹੀ ਜਿਹੀ ਵੀ ਬਖਸ਼ਿਸ਼ ਹੁੰਦੀ ਤਾਂ ਕੀ ਸਾਡੇ ਕੋਲ ਇੱਕ ਕੋਠਾ ਵੀ ਨਾ ਹੁੰਦਾ? ਕਿਉਂ ਕਿ ਸਾਡੇ ਉੱਥੇ ਹੁੰਦਿਆਂ ਹੀ ਹਨੇਰੀ ਆਈ ਤੇ ਛੰਨ ਉੱਡ ਗਈ। ਸ: ਬਖਸ਼ੀਸ਼ ਸਿੰਘ ਅਤੇ ਪੁਰਾਣੀ ਸੰਗਤ ਜੋ ਉੱਥੇ ਜਾਂਦੀ ਸੀ ਜਾਣਦੇ ਹਨ ਕਿ ਸਭ ਨੇ ਭੱਜ-ਭੱਜ ਕੇ ਛੰਨ ਫੜੀ। ਅਸੀਂ ਬੜੇ ਘਬਰਾ ਗਏ ਕਿ ਕਿੱਥੇ ਹਜ਼ਰਤ ਬਲ ਜਾ ਕੇ ਨਮਾਜਾਂ ਪੜੀਆਂ, ਕਾਸ਼ੀ, ਮੱਥਰਾ ਗਏ, ਆਰਤੀਆਂ ਕੀਤੀਆਂ, ਕਾਨ੍ਹਗੜ੍ਹ ਜਾ ਕੇ ਚਰਚਾਂ ਵਿੱਚ ਪ੍ਰੇਅਰ ਕਰਨੀ ਸਿਖੀ, ਸ੍ਰੀ ਦਰਬਾਰ ਸਾਹਿਬ ਜਾ ਕੇ ਕੇਸਾਂ ਨਾਲ ਪ੍ਰਕਰਮਾ ਧੋਤੀਆਂ। ਸਾਨੂੰ ਬੜੀ ਆਸ ਸੀ ਕਿ ਹਜ਼ੂਰ ਮਿਲਣਗੇ। ਉਹ ਵੀ ਆਸ ਟੁੱਟਦੀ ਨਜ਼ਰ ਆਈ। ਅਸੀਂ ਛੰਨ ਦੇ ਅੰਦਰ ਜਾ ਕੇ ਦੇਖਿਆ ਉੱਥੇ ਬਾਬਾ ਬੱਗਾ ਜੀ ਅਤੇ ਬਾਬਾ ਦੇਵਾ ਸਿੰਘ ਜੀ ਦਾ ਸਰੂਪ ਲੱਗਾ ਹੋਇਆ ਸੀ। ਧਿਆਨਪੁਰ ਜਾਣ ਤੋਂ ਪਹਿਲਾਂ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਬੱਗਾ ਸਿੰਘ ਜੀ ਦੇ ਦਰਸ਼ਨ ਹੋਏ ਸੀ। ਉਹਨਾਂ ਨੇ ਸਾਨੂੰ ਦਰਸ਼ਨ ਦੇ ਕੇ ਕਿਹਾ ਸੀ ਕਿ ਤੂੰ ਧਿਆਨਪੁਰ ਜਾਹ। ਅਸੀਂ ਆਪਣੇ ਹਜ਼ੂਰ ਨੂੰ ਪੁੱਛਿਆ ਬਾਬਾ ਜੀ! ਜਿਹੜੇ ਸੰਤਾਂ ਦੀਆਂ ਫੋਟੋਆਂ ਤੁਸੀਂ ਅੰਦਰ ਲਾਈਆਂ ਹੋਈਆਂ ਹਨ ਉਹ ਕੌਣ ਹਨ? ਹਜ਼ੂਰ ਨੇ ਕਿਹਾ ਸਾਡੇ ਸਤਿਗੁਰ, ਸੰਤ ਹਨ। ਅਸੀਂ ਕਿਹਾ ਕੀ ਭਲਾ, ਸੰਤ ਝੂਠ ਬੋਲ ਲੈਂਦੇ ਹਨ? ਹਜ਼ੂਰ ਕਹਿਣ ਲੱਗੇ ਤੂੰ ਕਿਸ ਤਰ੍ਹਾਂ ਦੀਆਂ ਗੱਲਾਂ ਕਰਦਾ ਏਂ? ਖਬਰਦਾਰ ਅਗਰ ਉਹਨਾਂ ਬਾਰੇ ਕੋਈ ਗੱਲ ਕੀਤੀ। ਅਸੀਂ ਕਿਹਾ ਸਾਨੂੰ ਇਹਨਾਂ ਨੇ ਦਰਸ਼ਨ ਦੇ ਕੇ ਕਿਹਾ ਸੀ ਕਿ ਉੱਥੇ ਜਾਹ। ਬਾਬਾ ਜੀ ਫੇਰ ਇਹ ਗਲਤ ਕਹਿੰਦੇ ਹਨ ਕਿ ਤੁਹਾਡੇ ਕੋਲ ਕੋਈ ਤਾਕਤ ਹੈ? ਹਜ਼ੂਰ ਕਹਿਣ ਲੱਗੇ ਪੁੱਤਰ! ਐਸੀ ਗੱਲ ਨਹੀਂ ਹੈ। ਤੂੰ ਇੱਕਲਿਆਂ ਗੱਲ ਕਰੀਂ। ਇਹ ਸਾਰੇ ਜੀਵ ਸ਼ਰਈ ਪੁਰਸ਼ ਹਨ, ਦੁਨਿਆਵੀ ਚੀਜਾਂ ਲੈਣ ਵਾਸਤੇ ਆਏ ਹਨ ਪਰ ਤੂੰ ਬਹੁਤ ਘਾਲਣਾ ਘਾਲੀ ਹੈ। ਕਿਉਂਕਿ ਸਾਡੇ ਪਿੰਡ ਤੋਂ ਸ੍ਰੀ ਦਰਬਾਰ ਸਾਹਿਬ ਸੌ ਕਿਲੋਮੀਟਰ ਹੈ। ਹੁਣ ਅਸੀਂ ਜਲੰਧਰ ਤੋਂ ਸੈਮੀ ਤੱਕ ਗੱਡੀ ਵਿੱਚ ਆਉਂਦੇ ਥੱਕ ਜਾਂਦੇ ਹਾਂ। ਉਦੋਂ ਅਸੀਂ ਆਪਣੇ ਪਿੰਡ ਤੋਂ ਦੌੜ ਕੇ ਸ੍ਰੀ ਗੋਇੰਦਵਾਲ ਸਾਹਿਬ, ਦੌੜ ਕੇ ਸ੍ਰੀ ਦਮਦਮਾ ਸਾਹਿਬ, ਦੌੜ ਕੇ ਸ੍ਰੀ ਤਰਨਤਾਰਨ ਸਾਹਿਬ ਫੇਰ ਦੌੜ ਕੇ ਸ੍ਰੀ ਦਰਬਾਰ ਸਾਹਿਬ ਜਾਣਾ। ਫੇਰ ਉੱਥੇ ਕੇਸਾਂ ਨਾਲ ਪ੍ਰਕਰਮਾ ਧੋਣੀਆਂ। ਪਰ ਕਦੇ ਵੀ ਦਿਲ ਵਿੱਚ ਸ਼ੰਕਾ ਨਹੀਂ ਸੀ ਆਇਆ ਕਿ ਮਾਲਿਕ ਨੇ ਸਾਨੂੰ ਮਿਲਣਾ ਹੈ ਜਾਂ ਨਹੀਂ। ਅਸੀਂ ਆਸ ਰੱਖ ਕੇ ਜਾਣਾ ਕਿ ਹਜ਼ੂਰ ਜਰੂਰ ਬਖਸ਼ਿਸ਼ ਕਰਨਗੇ। ਬਜ਼ੁਰਗਾਂ ਨੇ ਐਨਾ ਹੀ ਸਮਝਾਇਆ ਸੀ ਕਿ ਪੁੱਤਰ! ਗੁਰੂ ਘਰ ਨੂੰ ਪੈਦਲ ਜਾਣਾ ਚਾਹੀਦਾ ਹੈ। ਉਦੋਂ ਸਾਧਨ ਵੀ ਘੱਟ ਹੁੰਦੇ ਸਨ। ਸਭ ਕੁਝ ਹੋਇਆ ਅਤੇ ਅੱਜ ਸਭ ਕੁਝ ਤੁਹਾਡੇ ਸਾਹਮਣੇ ਹੈ। ਪਰ ਸਾਡੇ ਹਜ਼ੂਰ ਐਨੀ ਉੱਚੀ ਸੁੱਚੀ ਤਾਕਤ ਹੁੰਦਿਆਂ ਹੋਇਆਂ ਵੀ ਛੰਨ ਵਿੱਚ ਰਹਿੰਦੇ ਸਨ।

ਇੱਕ ਵਾਰ ਸਾਰੀ ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਦਾ ਸਰੂਪ ਰੱਖਣ ਲਈ ਹੀ ਇੱਕ ਕਮਰਾ ਪਾ ਲਈਏ। ਤਦ ਦੋ ਛਤੀਰੀਆਂ ਪਾ ਕੇ, ਨਾਲ ਗਾਡਰ ਪਾ ਕੇ ਐਸਾ ਕਮਰਾ ਬਣਾਇਆ ਕਿ ਜਿਸ ਤਰ੍ਹਾਂ ਫੱਟੀ ਲਾ ਕੇ ਹੁਣ ਕੰਧ ਨਾਲ ਸਰੂਪ ਲਾ ਦੇਈਦਾ ਹੈ ਉਸ ਉੱਪਰ ਸਰੂਪ ਰੱਖ ਦੇਣਾ। ਹਜ਼ੂਰ ਨੇ ਉਸ ਹੇਠਾਂ ਮੰਜੇ ਉੱਪਰ ਬੈਠਣਾ ਅਤੇ ਅਸੀਂ ਸੰਗਤ ਨੇ ਐਨੀਆਂ ਖੁਸ਼ੀਆਂ ਮਨਾਣੀਆਂ ਕਿ ਸਾਡੇ ਹਜ਼ੂਰ ਕੋਲ ਇੱਕ ਕੋਠਾ ਹੈ। ਹਜ਼ੂਰ ਨੇ ਕਿਹਾ ਸੀ ਕਿ ਸਾਧੂ ਮਤੇ ਦੀ ਰਵਾਇਤ ਨਹੀਂ ਹੈ ਕਿ ਲੈਂਟਰ ਥੱਲੇ ਸਤਿਸੰਗ ਕੀਤਾ ਜਾਵੇ। ਪਰ ਸੰਗਤ ਨੇ ਧਿਆਨਪੁਰ ਬਚਨ ਨਹੀਂ ਸਨ ਮੰਨੇ ਅਤੇ ਬਦੋਬਦੀ ਲੈਂਟਰ ਪੁਆ ਦਿੱਤੇ ਸਨ। ਅਸੀਂ ਹੁਣ ਹਜ਼ੂਰ ਦੇ ਬਚਨ ਮੰਨਣੇ ਹਨ। ਹੁਣ ਸੰਗਤ ਨੇ ਥੋੜੇ ਦਿਨਾਂ ਵਿੱਚ ਹੀ ਚਾਲੀ ਪੰਜਾਹ ਲੱਖ ਰੁਪਏ ਇਕੱਠੇ ਕਰ ਦਿੱਤੇ ਹਨ। ਭਲਾ ਸਾਡੇ ਕੋਲੋਂ ਸ਼ੈਂਡ ਉੱਪਰ ਲੈਂਟਰ ਨਹੀਂ ਪੈ ਸਕਦਾ? ਸਾਰੀ ਦੁਨੀਆਂ ਲੈਂਟਰ ਪਾਉਂਦੀ ਹੈ। ਪਰ ਹਜ਼ੂਰ ਸਾਨੂੰ ਸੋਝੀ ਬਖਸ਼ਣ ਜਦ ਤਕ ਸਾਡੇ ਸੁਆਸ ਹਨ ਅਸੀਂ ਸਤਿਸੰਗ ਵਾਲੇ ਥਾਂ 'ਤੇ ਲੈਂਟਰ ਨਾ ਪਾਈਏ ਅਤੇ ਨਾ ਹੀ ਜਿੱਥੇ ਅਸੀਂ ਬੈਠਣਾ ਹੈ ਉੱਥੇ ਲੈਂਟਰ ਪਾਈਏ। ਸੰਗਤ ਵਾਸਤੇ ਹਜ਼ੂਰ ਜੋ ਮਰਜੀ ਬਖਸ਼ਣ। ਜਦੋਂ ਲੈਂਟਰ ਪਾਇਆ ਗਿਆ ਤਾਂ ਹਜ਼ੂਰ ਕਹਿਣ ਲੱਗੇ ਅੱਛਾ ਭਈ, ਤੁਸੀਂ ਲੈਂਟਰ ਪਾ ਲਿਆ ਹੈ। ਤੁਹਾਨੂੰ ਸਾਡੀ ਲੋੜ ਨਹੀਂ ਹੈ। ਸਾਡੇ ਹਜ਼ੂਰ ਬਹੁਤ ਛੋਟੀ ਉਮਰ ਵਿੱਚ ਹੀ ਤੁਰ ਗਏ ਸਨ ਪਰ ਦੁਨੀਆਂ ਵਿੱਚ ਕਿਸੇ ਨੂੰ ਪਤਾ ਨਹੀਂ ਲੱਗ ਸਕਿਆ ਕਿ ਐਨੀ ਵੱਡੀ ਤਾਕਤ ਉੱਥੇ ਧਿਆਨਪੁਰ ਬਿਰਾਜ ਰਹੀ ਹੈ। ਹੁਣ ਆਪ ਹੀ ਹਜ਼ੂਰ ਨੇ ਸੋਭਾ ਕਰਾਈ ਹੈ ਅਤੇ ਅੱਜ, ਐੱਸ. ਜੀ. ਐੱਲ. ਨਾਮ ਦਾ ਬਰਾਂਡ ਹਸਪਤਾਲਾਂ ਕਰਕੇ ਪੜਾਈ ਦੀ ਅਦਾਰਿਆਂ ਕਾਰਣ ਅਤੇ ਸਤਿਸੰਗ ਸਦਕਾ ਬਣ ਗਿਆ ਹੈ। ਬਹੁਤ ਸਾਰੇ ਕਥਾਵਾਚਕ ਕਥਾ ਸੁਣ ਕੇ ਪਰਮਾਣ ਦਿੰਦੇ ਵੇਖੇ ਹਨ ਪਰ ਸਾਨੂੰ ਪੁਲੀਸ ਵਾਲਿਆਂ ਨੂੰ ਕੀ ਪਤਾ ਸੀ।

*ਜੱਟ ਕੀ ਜਾਣੇ ਲੌਂਗਾ ਦਾ ਭਾਅ।*<br>
*ਰੌਲ ਕੀ ਜਾਣੇ ਚੌਲਾਂ ਦਾ ਭਾਅ।*

ਸਾਨੂੰ ਕੀ ਪਤਾ ਸੀ ਕਿ ਸਤਿਸੰਗ ਜਾਂ ਕਥਾ ਕੀ ਹੁੰਦੇ ਹਨ। ਅਸੀਂ ਸਾਰੀ ਉਮਰ ਪੁਲੀਸ ਵਿੱਚ ਨੌਕਰੀ ਕੀਤੀ। ਪਰ ਜੋ ਸੇਵਕ ਹੁੰਦੇ ਹਨ ਉਹ ਆਪਣੇ ਸੰਤਾਂ ਦੀ ਸੋਭਾ ਕਰਕੇ ਨਾਮ ਰੋਸ਼ਨ ਕਰਦੇ ਹਨ। ਪੁੱਤਰ ਉਹ ਹੈ ਜੋ ਆਪਣੇ ਬਾਪ ਦਾ ਨਾਮ ਰੋਸ਼ਨ ਕਰਦਾ ਹੈ। ਹੁਣ ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਅਗਰ ਜੀਵ ਦਾ ਭਾਵ ਗੁਰਬਾਣੀ ਉੱਪਰ ਆ ਗਿਆ ਫੇਰ ਸੱਚਖੰਡ ਮਮੂਲੀ ਚੀਜ਼ ਹੈ। ਨਰਕ ਸਵਰਗ ਤਾਂ ਕੋਈ ਚੀਜ ਹੀ ਨਹੀਂ ਹਨ। ਪਰ ਭੁਲ ਕੇ ਕੋਈ ਜੀਵ ਐਸੀ ਗਲਤੀ ਨਾ ਕਰਿਓ ਜਿਸ ਨਾਲ ਇਸ ਸੰਸਥਾਂ ਦੇ ਨਾਮ ਨੂੰ ਆਂਚ ਆਵੇ।

*ਮੰਦਰਿ ਢਾਹ ਦੇਈਂ ਮਸਜਿਦ ਢਾਹ ਦੇਈਂ,*

*ਢਾਹ ਦੇਈਂ ਜੋ ਕੁਝ ਢਹਿੰਦਾ।*
*ਪਰ ਬੁੱਲ੍ਹਿਆ ਕਿਸੇ ਦਾ ਦਿਲ ਨਾ ਢਾਹੀਂ*
*ਦਿਲਾਂ 'ਚ ਦਿਲਬਰ ਰਹਿੰਦਾ।*

ਇੱਕ ਕਿਸੇ ਦੇ ਦਿਲ ਨੂੰ ਠੇਸ ਨਹੀਂ ਪਹੁੰਚਾਉਣੀ, ਇੱਕ ਡਰਦੇ ਰਹਿਣਾ ਹੈ ਕਿ ਸੱਚੇ ਪਾਤਸ਼ਿਾਹੋ! ਸਾਡੇ ਕੋਲੋਂ ਭੁੱਲ ਕੇ ਵੀ ਕੋਈ ਗਲਤੀ ਨਾ ਹੋਵੇ। ਕਿਉਂਕਿ

*ਮਾੜਾ ਕੁੱਤਾ ਖਸਮੇ ਗਾਲ।*

ਅਗਰ ਅਸੀਂ ਕੋਈ ਗਲਤੀ ਕਰਾਂਗੇ ਫੇਰ ਹਜ਼ੂਰ ਦੇ ਨਾਮ ਨੂੰ ਆਂਚ ਆਵੇਗੀ। ਹਜ਼ੂਰ ਫੁਰਮਾਨ ਕਰ ਰਹੇ ਹਨ ਬਾਬਾ ਮੱਖਣ ਸ਼ਾਹ ਲੁਬਾਣੇ ਨੇ ਨੌਂਵੇਂ ਪਾਤਿਸ਼ਾਹ ਜੀ ਨੂੰ ਪ੍ਰਗਟ ਕੀਤਾ ਸੀ। ਬਾਕੀ ਮਹੰਤ ਅਖਵਾਉਣ ਵਾਲੇ ਸਾਰੇ ਹੀ ਉੱਥੇ ਮੰਜੇ ਡਾਹ-ਡਾਹ ਕੇ ਬੈਠੇ ਸਨ। ਇਸ ਤੋਂ ਲਕਸ਼ ਹੈ ਕਿ ਸੇਵਕ ਐਸਾ ਅਮਲ ਬਣਾਏ, ਕਰਮ ਕਰੇ ਜਿਸ ਨਾਲ ਗੁਰੂ ਦੀ ਸ਼ੋਭਾ ਹੋਵੇ। ਅਗਰ ਕੋਈ ਜੀਵ ਸਿੱਖ ਹੋ ਕੇ ਬਜ਼ਾਰ ਵਿੱਚ ਬੀੜੀ ਪੀਂਦਾ ਫਿਰਦਾ ਹੈ ਤਦ ਸਾਰੇ ਕਹਿੰਦੇ ਹਨ। ਕਿ ਦੇਖੋ ਓਏ! ਸਿੱਖ ਹੋ ਕੇ ਬੀੜੀ ਪੀ ਰਿਹਾ ਹੈ ਜਾਂ ਗਲਤੀ ਕਰ ਰਿਹਾ ਹੈ।

ਸਾਨੂੰ ਇੱਕ ਗੱਲ ਚੇਤੇ ਆਈ ਹੈ। ਕਸ਼ਮੀਰ ਸਿੰਘ ਬਰਿਆਰ ਜੋ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਹੈ, ਨੇ ਗੱਲ ਕੀਤੀ ਕਿ ਸ੍ਰੀ ਹਰਗੋਬਿੰਦ ਪੁਰ ਦੇ ਨੇੜੇ ਗੁੱਜਰਾਂ ਦੇ ਪਸ਼ੂ ਕਿਸੇ ਜੱਟ ਦੀ ਪੈਲੀ ਵਿੱਚ ਵੜ ਗਏ। ਜੱਟਾਂ ਦੀ ਆਮ ਆਦਤ ਹੁੰਦੀ ਹੈ ਕਿ ਉਹ ਹਰਾਮਜ਼ਾਦਾ ਕਹਿ ਕੇ ਬੋਲਦੇ ਹਨ। ਉਹ ਜੱਟ ਗੁੱਜਰੀ ਨੂੰ ਕਹਿਣ ਲੱਗਾ ਓ ਹਰਾਮਜਾਦੀਏ! ਆਪਣੇ ਪਸ਼ੂ ਬਾਹਰ ਕੱਢ ਮੇਰੀ ਪੈਲੀ ਵਿੱਚ ਕਿਉਂ ਵਾੜੇ ਹਨ? ਗੁੱਜਰੀ ਕਹਿਣ ਲੱਗੀ ਤੂੰ ਮੈਨੂੰ ਜੋ ਮਰਜੀ ਕਰ ਲੈ। ਮਾਰ ਲੈ, ਕੁੱਟ ਲੈ। ਪਰ ਹਰਾਮਜਾਦੀ ਨਾ ਕਹੀਂ। ਉਹ ਜੱਟ ਪੁੱਛਣ ਲੱਗਾ ਕਿਉਂ ਨਾ ਕਹਾਂ? ਗੁੱਜਰੀ ਕਹਿਣ ਲੱਗੀ ਅਸੀਂ ਉਸ ਅੱਲਾਹ ਤਾਅਲਾ ਹਜ਼ਰਤ ਮੁਹੰਮਦ ਸਾਹਿਬ ਦੇ ਪੈਰੋਕਾਰ ਹਾਂ। ਅਸੀਂ ਪੰਜ ਵਕਤ ਨਮਾਜ ਪੜ੍ਹਦੇ ਹਾਂ। ਅਸੀਂ ਆਪਣੀ ਸ਼ਰ੍ਹਾਂ ਵਿੱਚ ਰਹਿੰਦੇ ਹਾਂ। ਪਰ ਤੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਏਂ ਅਤੇ ਦਾਹੜੀ ਵੀ ਰੱਖੀ ਹੋਈ ਹੈ ਅਤੇ ਸਾਨੂੰ ਹਰਾਮਜਾਦਾ, ਹਰਾਮਜਾਦੀ ਕਹਿ ਰਿਹਾ ਏਂ। ਹਰਾਮਜਾਦਾ ਤੂੰ ਏਂ ਜੋ ਦਾਹੜੀ ਰੱਖ ਕੇ ਸਿਗਰੇਟ ਪੀਂਦਾ ਏਂ। ਤੂੰ ਇਸ ਨੂੰ ਕੱਟ ਲੈ, ਇਸ ਨੂੰ ਅੱਗ ਲਾ ਲੈ ਅਗਰ ਸਿਗਰਟ ਪੀਣੀ ਹੈ। ਅਸੀਂ ਹਰਾਮਜਾਦੇ ਨਹੀਂ ਹਾਂ। ਤੂੰ ਹਰਾਮਜਾਦਾ ਏਂ ਜੋ ਆਪਣੇ ਇਸ਼ਟ ਨੂੰ ਬਦਨਾਮ ਕਰ ਰਿਹਾਂ ਏਂ। ਉਹ ਕਸ਼ਮੀਰ ਸਿੰਘ ਬਰਿਆਰ ਕਹਿਣ ਲੱਗੇ ਕਿ ਸਾਨੂੰ ਉਸ ਆਦਮੀ ਨੇ ਸਾਰੀ ਗੱਲ ਤਾਂ ਦੱਸੀ ਨਾ। ਸਿਰਫ ਐਨਾ ਹੀ ਦੱਸਿਆ ਕੇ ਗੁਜਰੀ ਨੇ ਮੈਨੂੰ ਹਰਾਮਜ਼ਾਦਾ ਕਿਹਾ ਹੈ। ਅਸੀਂ ਬੜਾ ਇਲਾਕਾ ਇੱਕਠਾ ਕੀਤਾ ਕਿ ਤੂੰ ਆਹ ਗੱਲ ਕਿਉਂ ਕਹੀ ਹੈ। ਪਰ ਜਦੋਂ ਗੁੱਜਰੀ ਨੇ ਸਾਨੂੰ ਸਾਰੀ ਗੱਲ ਸੁਣਾਈ ਤਦ ਅਸੀਂ ਕਿਹਾ ਕਿ ਅੱਛਾ ਬੀਬੀ! ਸਾਨੂੰ ਮਾਫ ਕਰ ਦੇਹ। ਅਸੀਂ ਗਲਤ ਜਗਾਹ ਆ ਗਏ ਹਾਂ। ਕਿਉਂਕਿ ਅਸੀਂ ਕੋਈ ਛੋਟੀ ਜਿਹੀ ਵੀ ਗਲਤੀ ਕਰਦੇ ਹਾਂ ਤਾਂ ਉਸ ਦਾ ਸਾਡੇ ਮੂਲ ਤੱਕ ਉਲਾਹਮਾ ਜਾਂਦਾ ਹੈ। ਸਾਡੇ ਮੂਲ ਸਾਹਿਬ-ਏ-ਇਕਬਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ ਜਿਹਨਾਂ ਨੇ ਸਾਨੂੰ ਸਿਰਜਿਆ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਸੇਵਕ ਆਪਣੇ ਗੁਰੂ ਦੀ ਗੁਰਬਾਣੀ ਦੀ ਸੋਭਾ ਕਰਕੇ ਆਪਣੇ ਸੰਤਾਂ ਦਾ ਨਾਮ ਰੋਸ਼ਨ ਕਰਦੇ ਹਨ।

ਬਾਬਾ ਨੰਦ ਸਿੰਘ ਜੀ ਦੇ ਡੇਰੇ ਨਾਨਕਸਰ ਵਿੱਚ ਝਗੜਾ ਹੋਇਆ ਸੀ। ਉੱਥੇ ਬਾਬਾ ਕੁੰਦਣ ਸਿੰਘ ਜੀ, ਸਾਧੂ ਸਿੰਘ ਜੀ ਅਤੇ ਬਾਬਾ ਨਰਾਇਣ ਸਿੰਘ ਜੀ ਸਨ। ਬਾਦ ਵਿੱਚ ਬਾਬਾ ਘਾਲਾ ਸਿੰਘ ਜੀ ਆਏ ਹਨ। ਜਦੋਂ ਝਗੜਾ ਹੋਇਆ ਅਸੀਂ ਉਹਨਾਂ ਨੂੰ ਵਾਸਤਾ ਦਿੱਤਾ ਕਿ ਓਏ! ਥੋੜ੍ਹੀ ਜਿਹੀ ਬਾਬਾ ਨੰਦ ਸਿੰਘ ਜੀ ਦੀ ਹੀ ਸ਼ਰਮ ਕਰ ਲਉ ਕਿ ਤੁਸੀਂ ਕਿਹੜੇ ਸੰਤਾਂ ਦੇ ਸੇਵਕ ਹੋ ਅਤੇ ਕਰ ਕੀ ਰਹੇ ਹੋ। ਤਾਂ ਉਹ ਤਿੰਨੇ ਹੀ ਹੱਥ ਜੋੜ ਕੇ ਖਲੋ ਗਏ ਕਿ ਬਾਬਾ ਜੀ! ਬੱਸ ਅਸੀਂ ਰਾਜ਼ੀਨਾਮਾ ਕੀਤਾ। ਸੋਈ ਸਾਨੂੰ ਐਨਾ ਵਿਸ਼ਵਾਸ ਅਤੇ ਭੈਅ ਹੋਣਾ ਚਾਹੀਦਾ ਹੈ ਕਿ ਸਾਡੇ ਇਸ਼ਟ ਬਾਰੇ ਕੋਈ ਕਿੰਤੂ ਨਾ ਕਰੇ। ਅਗਰ ਨਿੰਦਿਆ ਕਰਨੀ ਹੈ ਤਾਂ ਆਪਣੀ ਕਰੀਏ। ਅਗਰ ਸੋਭਾ ਕਰਨੀ ਹੈ ਤਾਂ ਆਪਣੇ ਸਤਿਗੁਰ ਦੀ ਕਰੀਏ। ਸਾਡਾ ਇਹ ਅਕੀਦਾ, ਵਿਸ਼ਵਾਸ ਅਤੇ ਭਰੋਸਾ ਹੋਣਾ ਚਾਹੀਦਾ ਹੈ। ਫੇਰ ਜਿੱਥੇ ਭਰੋਸਾ ਆ ਗਿਆ ਉੱਥੇ ਕੋਈ ਕਮੀ ਨਹੀਂ ਰਹਿ ਸਕਦੀ।

**ਨਾਮੁ ਧਿਆਇਨਿ ਰੰਗ ਸਿਉ ਗੁਰਮੁਖਿ ਨਾਮਿ ਲਗੰਨਿ॥**

ਅਗਰ ਖੁਸ਼ੀ ਆਉਂਦੀ ਹੈ ਤਦ ਵੀ ਨਾਮ ਧਿਆਉਣਾ ਹੈ, ਅਗਰ ਕੋਈ ਗਮੀ ਆਉਂਦੀ ਹੈ ਤਦ ਵੀ ਨਾਮ ਨੂੰ ਧਿਆਉਣਾ ਹੈ।

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥੨੨॥੨॥*
*(ਅੰਗ 726)*

ਤਥਾ

*ਮੁਲਕ ਮਾਹੀ ਦਾ ਵੱਸੇ, ਕੋਈ ਰੋਵੇ ਤੇ ਕੋਈ ਹੱਸੇ।*

ਅੱਜ ਨਵਾਂ ਸਾਲ ਹੈ। ਸਾਡੇ ਸੈਕਟਰੀ ਜਗਦੇਵ ਸਿੰਘ ਦੇ ਦਾਦਾ ਜੀ ਅਤੇ ਮਲਸੀਹਾਂ ਵਿਖੇ ਵੀ ਇੱਕ ਰਿਸ਼ਤੇਦਾਰ ਦੀ ਮੌਤ ਹੋਈ ਹੈ। ਜਿੱਥੇ ਅਸੀਂ ਅੱਜ ਵਧਾਈਆਂ ਦੇ ਰਹੇ ਹਾਂ ਉੱਥੇ ਉਹਨਾਂ ਦੇ ਗਮ ਵਿੱਚ ਵੀ ਸ਼ਰੀਕ ਹੋਏ ਹਾਂ। ਐਸੀ ਦਸ਼ਾ ਰੱਖਣੀ ਬਹੁਤ ਕਠਿਨ ਸੀ। ਇਕ ਦਫਾ ਜਿਸ ਦਿਨ ਵਿਸ਼ਕਰਮਾ ਡੇ ਸੀ ਦੀਵਾਲੀ ਵਾਲਾ ਦਿਨ ਸੀ। ਉਹ ਦਿਨ ਸਾਡੇ ਹਜ਼ੂਰ ਦੇ ਦਰਬਾਰ ਅਤੇ ਇੱਥੇ ਵੀ ਮਨਾਇਆ ਜਾਂਦਾ ਹੈ। ਉਸ ਦਿਨ ਸਾਡੀ ਭੈਣ ਦੀ ਮੌਤ ਹੋ ਗਈ ਸੀ। ਜਦੋਂ ਸੁਨੇਹਾ ਆਇਆ ਅਸੀਂ ਕਿਹਾ ਅਸੀਂ ਸਤਿਸੰਗ ਕਰਨ ਤੋਂ ਬਾਦ ਆ ਕੇ ਸਸਕਾਰ ਕਰਾਂਗੇ। ਇਸ ਕਰਕੇ ਸਸਕਾਰ ਥੋੜ੍ਹਾ ਲੇਟ ਕਰ ਲਉ। ਜਿਸ ਦਿਨ ਸਾਡੇ ਭਣਵਈਏ ਸ. ਕਸ਼ਮੀਰ ਸਿੰਘ ਰੰਧਾਵਾ ਜੋ ਕਿ ਭੱਟੀਕਿਆਂ ਦੇ ਸਨ ਨੂੰ ਅਤੰਕਵਾਦੀਆਂ ਨੇ ਸ਼ਹੀਦ ਕੀਤਾ ਸੀ। ਤਦ ਵੀ ਸਾਰੇ ਕਹਿਣ ਲੱਗੇ ਕਿ ਹੁਣ ਦੇਖੋ ਉਹ ਕੀ ਕਰਦੇ ਹਨ ਕਿਉਂਕਿ ਅੱਜ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦਾ

ਗੁਰਪੁਰਬ ਹੈ। ਉਸ ਦਿਨ ਵੀ ਦਸਵੇਂ ਪਾਤਿਸ਼ਾਹ ਦਾ ਅਵਤਾਰ ਪੁਰਬ ਸੀ। ਅਸੀਂ ਸਵੇਰੇ ਪ੍ਰਭਾਤਫੇਰੀ ਕੱਢ ਕੇ, ਸਤਿਸੰਗ ਕਰਕੇ ਅਰਥਾਤ ਗੁਰਪੁਰਬ ਮਨਾਉਣ ਤੋਂ ਬਾਦ ਜਾ ਕੇ ਸਸਕਾਰ ਕੀਤਾ ਸੀ।

*ਨਾਲੇ ਨਾਲ ਸੰਸਾਰੀਆਂ ਹੱਕ ਰੱਖਦਾ।*
*ਨਾਲੇ ਨਾਲ ਗੁਰੂ ਦੇ ਪੱਖ ਰੱਖਦਾ।*
ਇਹ ਭਗਤੀ ਬਹੁਤ ਕਠਿਨ ਮਾਰਗ ਹੈ।
*ਸਿੱਖੀ ਦਾ ਕਮਾਵਣਾ, ਹੱਡਾਂ ਨੂੰ ਰੋਗ ਲਾਵਣਾ,*
*ਜਿਉਂਦਿਆਂ ਮਰ ਜਾਵਣਾ।*

ਲੋਕ ਬਹੁਤ ਗੱਲਾ ਕਰਦੇ ਅਤੇ ਤਾਹਨੇ ਮਾਰਦੇ ਹਨ। ਸਾਡੇ ਹਜ਼ੂਰ ਫੁਰਮਾਇਆ ਕਰਦੇ ਸੀ ਕਿ

*ਲੋਕ ਲਾਜ ਕੁਲ ਦੀ ਮਰਯਾਦਾ ਯਹੀ ਗਲੇ ਕੀ ਫਾਸੀ।*
*ਆਗੇ ਚਲੇਂ ਪਗ ਪੀਛੇ ਡਾਰੇਂ ਹੋਏ ਜਗਤ ਕੀ ਹਾਸੀ।*

ਅਸੀਂ ਤਾਂ ਅਰਦਾਸ ਕਰਦੇ ਹਾਂ ਕਿ ਹਜ਼ੂਰ, ਇਹ ਯਸ਼ ਕਰਨ ਦੀ ਜੋ ਸੇਵਾ ਮਿਲਦੀ ਹੈ ਇਸ ਤੋਂ ਵੱਡੀ ਸਜ਼ਾ ਹੋਰ ਕੋਈ ਨਹੀਂ ਹੈ।

*ਪੰਜ ਵਕਤ ਨਮਾਜ਼ਾਂ ਪੜ੍ਹਦੇ ਸੀ,*
*ਗਲ ਇਸ਼ਕ ਦੀ ਫਾਹੀ ਪਾ ਬੈਠੇ।*
*ਲੋਕੀ ਲੱਭਦੇ ਯਾਰ ਗੁਆਚਿਆਂ ਨੂੰ*
*ਅਸੀਂ ਲੱਭ ਕੇ ਯਾਰ ਗੰਵਾ ਬੈਠੇ।*

ਸਾਡੇ ਹਜ਼ੂਰ ਦੀ ਉਮਰ ਸਿਰਫ 58 ਸਾਲ ਸੀ। ਅਗਰ ਹਜ਼ੂਰ ਦੀ ਮੌਜ ਹੁੰਦੀ ਤਾਂ ਲੈਂਟਰ ਨਾ ਪਾਉਂਦੇ। ਪਰ ਹਜ਼ੂਰ ਨੇ ਹੀ ਜਿੰਨੀ ਸਖਤੀ ਅਤੇ ਪਰਖਾਂ ਵਿੱਚੋਂ ਬਖਸ਼ਿਸ਼ ਕਰਕੇ ਸਾਨੂੰ ਸਾਫ਼ ਕੱਢਿਆ, ਅਸੀਂ ਅਰਦਾਸ ਕਰਦੇ ਹਾਂ ਸੱਚੇ ਪਾਤਿਸ਼ਾਹੋ! ਸੰਗਤ ਦੀ ਪਰਖ ਨਾ ਲਇਉ ਕਿਉਂਕਿ ਜੀਵ ਪਰਖ ਨਹੀਂ ਦੇ ਸਕਦਾ। ਅਗਰ ਕਿਸੇ ਦਾ ਛੋਟਾ ਜਿਹਾ ਕੰਮ ਰੁਕਦਾ ਹੈ ਤਦ ਸਭ ਤੋਂ ਪਹਿਲਾਂ ਜੀਵ ਗੁਰੂ ਘਰ ਤੋਂ ਬੇ-ਭਾਵ ਹੁੰਦਾ ਹੈ। ਹਜ਼ੂਰ ਹੀ ਕਿਰਪਾ ਅਤੇ ਬਖਸ਼ਿਸ਼ ਕਰਨ ਤਦ ਜੀਵ ਇਹਨਾਂ ਕਸਵੱਟੀਆਂ ਤੋਂ ਬਚ ਸਕਦਾ ਹੈ। ਭਗਤੀ ਮਾਰਗ ਬਹੁਤ ਕਠਿਨ ਮਾਰਗ ਹੈ।

ਇਸੇ ਕਰਕੇ ਅਰਦਾਸਾਂ ਕਰੀਦੀਆਂ ਹਨ ਕਿ ਸੱਚੇ ਪਾਤਿਸ਼ਾਹੋ! ਇਹ ਦੁੱਖ ਸੁੱਖ ਆਉਂਦੇ ਜਾਂਦੇ ਰਹਿੰਦੇ ਹਨ। ਪਰ ਕਿਰਪਾ ਕਰਿਉ, ਖੁਸ਼ੀਆਂ, ਖੇੜਿਆਂ ਵਾਲਾ ਸਾਲ ਆਵੇ। ਅਗਰ ਅਸੀਂ ਕਹੀਏ ਕਿ ਕੋਈ ਮਰੇ ਹੀ ਨਾ, ਇਹ ਤਾਂ ਮੁਮਕਿਨ ਨਹੀਂ ਹੈ। ਮੌਤ ਤਾਂ ਇੱਕ ਵਧੀਆ ਚੀਜ ਹੈ ਜੋ ਵਾਤਾਵਰਨ ਪਰਦੂਸ਼ਿਤ ਹੋਣ ਤੋਂ ਬਚਾਉਂਦੀ ਹੈ। ਅਗਰ ਸਾਡੇ ਬਜ਼ੁਰਗ ਘਰ ਵਿੱਚ ਪਏ ਰਹਿਣ ਤਦ ਘਰ ਵਿੱਚ ਰਹਿਣਾ ਬਹੁਤ ਔਖਾ ਹੋ ਜਾਵੇ। ਰਜਿੰਦਰ ਸਿੰਘ ਦੇ ਪਿਤਾ ਦੀ 96 ਸਾਲ ਦੀ ਉਮਰ ਸੀ ਪੜਪੋਤਰਿਆਂ ਵਾਲਾ ਹੋ ਕੇ ਗਿਆ ਹੈ। ਉਹਨਾਂ ਨੇ ਪੁਲੀਸ ਵਿੱਚ ਬਹੁਤ ਵਧੀਆ ਨੌਕਰੀ ਕੀਤੀ। 1972 ਵਿੱਚ ਠਾਣੇਦਾਰ ਰਿਟਾਇਰ ਹੋਏ ਸੀ 38 ਸਾਲ ਰਿਟਾਇਰਮੈਂਟ ਪੈਨਸ਼ਨ ਖਾਧੀ। ਉਹਨਾਂ ਨੇ ਜਾਣਾ ਹੀ ਸੀ। ਅਗਰ ਅਸੀਂ ਕਹੀਏ ਕਿ ਨਵੇਂ ਸਾਲ ਵਾਲਾ ਦਿਨ ਸੀ ਅੱਜ ਕਿਉਂ ਗਿਆ। ਪਰ ਹਰ ਦਿਨ ਸਾਲ ਬਾਦ ਹੀ ਆਉਂਦਾ ਹੈ। 2 ਜਨਵਰੀ 2011 ਵੀ ਇੱਕੋ ਵਾਰ ਹੀ ਆਉਣੀ ਹੈ। ਪਰ ਹਜ਼ੂਰ ਕਿਰਪਾ ਕਰਨ ਅਤੇ ਅਣਸੁਖਾਵੀਂ ਘਟਨਾ ਨਾ ਵਾਪਰੇ। ਜੋ ਰੁਟੀਨ ਹੋਣਾ ਹੁੰਦਾ ਹੈ ਉਹ ਤਾਂ ਹੋਣਾ ਹੀ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਸਾਡੀ ਪਰਖ ਨਾ ਲਇਉ। ਸਾਡੇ ਸਿਰ ਉੱਪਰ ਹਮੇਸ਼ਾ ਮਿਹਰ ਭਰਿਆ ਹੱਥ ਰੱਖਿਉ।

**ਧੁਰਿ ਪੂਰਬਿ ਹੋਵੈ ਲਿਖਿਆ**
**ਗੁਰ ਭਾਣਾ ਮੰਨਿ ਲਏਨਿ ॥੩॥**

ਅਗਰ ਜੀਵ ਉੱਪਰ ਬਖਸ਼ਿਸ਼ ਹੋਵੇ ਤਦ ਅਲੱਗ ਗੱਲ ਹੈ ਵਰਨਾ ਭਾਣੇ ਵਿੱਚ ਨਾ ਰਹਿ ਕੇ ਡੋਲ ਜਾਂਦਾ ਹੈ। ਅਗਰ ਬਚਨ ਮੰਨ ਲਈਏ ਕਿ

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥*
*(ਅੰਗ 1)*

ਫੇਰ ਸਾਨੂੰ ਕੋਈ ਚਿੰਤਾ ਨਹੀਂ ਰਹਿੰਦੀ।

**ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ॥**

ਉਸ ਗੁਰੂ ਦੇ ਘਰ ਦੀ ਭਾਗਾਂ ਵਾਲੇ ਜੀਵ ਹੀ ਖੋਜ ਕਰਦੇ ਹਨ। ਸਾਡੇ ਮਾਤਾ ਜੀ 23 ਦਸੰਬਰ ਨੂੰ ਸੌ ਸਾਲ ਦੇ ਹੋ ਗਏ ਹਨ। ਸਾਡੇ ਮਾਤਾ ਜੀ ਬਿਮਾਰ ਰਹਿੰਦੇ ਸਨ। ਉਹਨਾਂ ਨੂੰ ਦੰਦਲ ਪਈ। ਸਾਡੇ ਸਹੁਰਾ ਸਾਹਬ ਆਏ ਹੋਏ ਸਨ। ਉਹ ਸਾਨੂੰ ਪੁੱਛਣ ਲੱਗੇ ਪੁੱਤਰ! ਬੀਬੀ ਨੂੰ ਕੀ ਤਕਲੀਫ ਹੈ? ਅਸੀਂ ਕਿਹਾ ਇਹਨਾਂ ਨੂੰ ਛਾਇਆ ਦੀ ਕਸਰ ਹੈ। ਉਹ ਕਹਿਣ ਲੱਗੇ ਫੇਰ ਤੂੰ ਕਾਹਦਾ ਪੁੱਤ ਏਂ। ਤੂੰ ਕੱਪੜੇ ਵੱਧੀਆ ਪਾਏ ਹਨ, ਪੱਗ ਬੱਧੀ ਹੈ। ਅਗਰ ਤੇਰੀ ਮਾਂ ਬਿਮਾਰ ਹੈ ਤਾਂ ਤੈਨੂੰ ਕੱਪੜੇ ਕਿਵੇਂ ਸੁੱਝਦੇ ਹਨ। ਅਸੀਂ ਕਿਹਾ ਜੀ! ਇਹ ਕਿੱਦਾ ਠੀਕ ਹੋ ਸਕਦੇ ਹਨ? ਉਹ ਕਹਿਣ ਲੱਗੇ ਪੂਰਨ ਸਾਧੂਆਂ ਦੀ ਸੰਗਤ ਵਿੱਚ ਜਾਹ। ਅਸੀਂ ਪੁੱਛਿਆ ਪੂਰਨ ਸਾਧੂ ਕਿੱਥੇ ਹਨ? ਉਹ ਕਹਿਣ ਲੱਗੇ ਪੂਰਨ ਸਾਧੂਆਂ ਨੂੰ ਲੱਭਣਾ ਤੇਰਾ ਕੰਮ ਹੈ। ਤੈਨੂੰ ਲੋੜ ਹੈ ਤੂੰ ਲੱਭ। ਸੋਈ ਉਸ ਤਾਹਨੇ ਦੇ ਕਾਰਣ ਹੀ ਅਸੀਂ ਮੰਦਰ, ਮਸਜਿਦ , ਚਰਚ, ਗੁਰਦੁਆਰੇ ਸਭ ਥਾਈਂ ਗਏ। ਪ੍ਰੇਅਰ ਕੀਤੀ, ਆਰਤੀਆਂ ਸਿੱਖੀਆਂ, ਕੇਸਾਂ ਨਾਲ ਪਰਕਰਮਾਂ ਧੋਤੀਆਂ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਬਹੁਤ ਭਾਗਾਂ ਵਾਲੀ ਗੱਲ ਹੈ ਅਗਰ ਕੋਈ ਜੀਵ ਸਾਧੂਆਂ ਦੀ ਖੋਜ ਵੱਲ ਤੁਰਦਾ ਹੈ। ਸਾਡੇ ਹਜ਼ੂਰ ਫੁਰਮਾਇਆ ਕਰਦੇ ਸੀ ਪੁੱਤਰ! ਤੇਰੀ ਭਗਤੀ ਤਾਂ ਬਹੁਤ ਥੋੜ੍ਹੀ ਹੈ ਹਜ਼ੂਰ ਕਿਰਪਾ ਕਰਕੇ ਤੈਨੂੰ ਜਿੰਨੀ ਮਰਜੀ ਦੇ ਦੇਣਗੇ ਪਰ ਜਿਸ ਤਰ੍ਹਾਂ ਤੂੰ ਸਿਦਕ ਨਾਲ ਖੋਜ ਕੀਤੀ ਹੈ ਮਹਾਰਾਜ ਤੇਰੇ ਉੱਪਰ ਖੁਸ਼ ਹਨ। ਅਸੀਂ ਰਾਜਾ ਸਾਂਹਸੀ ਹਵਾਈ ਅੱਡੇ ਉਤੇ ਇੰਮੀਗਰੇਸ਼ਨ ਅਫਸਰ ਲੱਗੇ ਹੋਏ ਸੀ। ਤਨਖਾਹਾਂ ਨਹੀਂ ਮਿਲੀਆਂ। ਤਦ ਐਨੀ ਤੰਗੀ ਆਈ ਕਿ ਕਈ ਵਾਰ ਰਾਜਾ ਸਾਂਹਸੀ ਦੇ ਅੱਡੇ 'ਚੋਂ ਘਾਹ ਕੱਟ ਕੇ

ਉਬਾਲ ਕੇ ਲੂਣ ਲਾ ਕੇ ਖਾ ਲਿਆ। ਪਰ ਦਿਲ ਵਿੱਚ ਇੱਕੋ ਰੀਝ ਸੀ ਕਿ ਉਸ ਤਾਕਤ ਦਾ ਮਿਲਾਪ ਹੋ ਜਾਵੇ। ਪੂਰਨ ਸਾਧੂ ਮਿਲ ਜਾਣ ਅਤੇ ਬਖਸ਼ੇ ਜਾਈਏ। ਹਾਲਾਂਕਿ ਸਾਡੇ ਕੋਲੋਂ ਕਿਸੇ ਨੇ ਕੁਝ ਖੋਹ ਨਹੀਂ ਲੈਣਾ। ਅਸੀਂ ਬਾਬਾ ਬੁੱਢਾ ਜੀ ਦੇ ਸਥਾਨ 'ਤੇ ਰਮਦਾਸ ਜਾਂਦੇ ਹੁੰਦੇ ਸੀ ਅਤੇ ਸਾਨੂੰ ਪਤਾ ਲੱਗ ਜਾਂਦਾ ਸੀ ਕਿ ਕੱਲ ਨੂੰ ਕਿਸ ਨਾਲ ਕਿਹੜੀ ਘਟਨਾ ਵਾਪਰਨ ਵਾਲੀ ਹੈ। ਪਰ ਸਾਡੇ ਹਜ਼ੂਰ ਕਹਿਣ ਲੱਗੇ ਪੁੱਤਰ! ਰਿਧੀਆਂ ਸਿਧੀਆਂ ਪਿੱਛੇ ਨਾ ਤੁਰੀਂ। ਜਿਹਨਾਂ ਨੂੰ ਗੱਡੀ ਵਿੱਚ ਬੈਠੇ ਬਿਠਾਇਆ ਆ ਕੇ ਉਪਦੇਸ਼ ਮਿਲ ਜਾਂਦਾ ਹੈ ਉਹਨਾਂ ਨੂੰ ਕੀ ਪਤਾ ਹੈ ਕਿ ਭਗਤੀ ਕੀ ਹੁੰਦੀ ਹੈ, ਬੰਦਗੀ ਕੀ ਚੀਜ਼ ਹੈ ਜਾਂ ਖੋਜ ਕਿਵੇਂ ਕੀਤੀ ਜਾਂਦੀ ਹੈ ਕਿਉਂਕਿ ਖੋਜ ਭਾਗਾਂ ਵਾਲਿਆਂ ਦੇ ਹਿੱਸੇ ਹੀ ਆਉਂਦੀ ਹੈ।

**ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥੪ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਨੂੰ ਸਭ ਪਤਾ ਸੀ ਪਰ ਇਹ ਨਹੀਂ ਸੀ ਪਤਾ ਕਿ ਆਤਮਾ ਅਤੇ ਪ੍ਰਮਾਤਮਾ ਕੀ ਹੈ। ਸੁਰਤ ਅਤੇ ਸ਼ਬਦ ਕੀ ਹੈ। ਜਿਸ ਬਾਰੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਫੁਰਮਾਨ ਕੀਤਾ ਹੈ ਕਿ

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*

*(ਅੰਗ 441)*

ਸੰਤਾਂ ਤੋਂ ਬਿਨਾਂ ਹੋਰ ਕੋਈ ਵੀ ਇਹ ਨਹੀਂ ਕਹਿੰਦਾਂ ਕਿ ਆਪਣੇ ਆਪ ਨੂੰ ਪਛਾਣੋ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮੇਰੇ ਪੂਰਨ ਸਤਿਗੁਰ ਮਿਲੇ ਜਿਹਨਾਂ ਨੇ ਮੈਨੂੰ ਆਤਮਾ ਅਤੇ ਪ੍ਰਮਾਤਮਾ ਦਾ ਭੇਦ ਦੱਸਿਆ ਅਤੇ ਇਹ ਵੀ ਦੱਸਿਆ ਕਿ ਤੂੰ ਆਪਣੀ ਆਤਮਾ ਦੀ ਪਛਾਣ ਕਰ ਕਿ ਤੂੰ ਕੌਣ ਏਂ? ਅਗਰ ਅਸੀਂ ਇਹ ਪਵਿੱਤਰ ਜਨਮ ਲੈ ਕੇ ਵੀ ਕਬਰਾਂ ਨੂੰ ਪੂਜਦੇ ਹਾਂ ਤਦ ਸਮਝੋ ਕਿ ਸਾਨੂੰ ਆਤਮਾ ਦੀ ਪਛਾਣ ਨਹੀਂ ਹੈ। ਮਾਲਿਕ ਨੇ ਕਿਸੇ ਨੂੰ ਡੀ. ਸੀ. ਦਾ ਅਹੁਦਾ ਬਖਸ਼ਿਆ ਹੋਵੇ ਅਤੇ ਉਹ ਚਪੜਾਸੀ ਦੀ ਪੂਜਾ ਕਰੇ। ਅਜੇ ਇਹ ਵੀ ਥੋੜ੍ਹਾ ਹੈ ਕਿਉਂਕਿ

*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥੧॥*
*ਭਜਹੁ ਗੋਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥*

*(ਅੰਗ 1159)*

ਮਾਨਸ ਜਨਮ ਵਿੱਚ ਆ ਕੇ ਕਬਰਾਂ ਸਮਾਧਾਂ ਨੂੰ ਪੂਜਦੇ ਫਿਰਦੇ ਹਾਂ। ਹਜ਼ੂਰ ਹੀ ਕ੍ਰਿਪਾ ਕਰਨ ਅਤੇ ਜੀਵ ਨੂੰ ਆਪਣੀ ਪਛਾਣ ਆਵੇ।

# ਸਤਿਸੰਗ

**॥ ਰਾਗ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ ॥**

**(ਅੰਗ 658)**

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਗੁਰੂ ਰਵਿਦਾਸ ਜੀ ਮਹਾਰਾਜ ਪੂਰਨ ਸੰਤ ਸਤਿਗੁਰੂ ਜੋ ਕਿ ਸੁਆਮੀ ਰਾਮਾਨੰਦ ਜੀ ਦੇ ਸੇਵਕ ਸਨ। ਹਜ਼ੂਰ ਕਬੀਰ ਸਾਹਿਬ ਜੀ, ਸੰਤ ਨਾਮਦੇਵ ਜੀ ਅਤੇ ਗੁਰੂ ਰਵਿਦਾਸ ਜੀ ਮਹਾਰਾਜ ਤਿੰਨੇ ਹੀ ਸੁਆਮੀ ਰਾਮਾਨੰਦ ਜੀ ਦੇ ਸੇਵਕ ਸਨ। ਸੁਆਮੀ ਰਾਮਾਨੰਦ ਜੀ ਨੇ ਆਦੇਸ਼ ਦਿੱਤਾ ਸੀ ਕਿ ਕਿਸੇ ਐਸੇ ਜੀਵ ਦੇ ਘਰੋਂ ਫੁਲਕਾ ਜਾਂ ਸੇਵਾ ਨਹੀਂ ਲੈਣੀ ਜਿਸਦੀ ਕਮਾਈ ਠੀਕ ਨਾ ਹੋਵੇ। ਇੱਕ ਬਾਣੀਆ ਬਹੁਤ ਵਿਆਜ ਲੈਂਦਾ ਸੀ। ਘੱਟ ਤੋਲਦਾ ਸੀ। ਉਸ ਨੂੰ ਵੀ ਕਿਹਾ ਸੀ ਕਿ ਤੂੰ ਘੱਟ ਨਾ ਤੋਲਿਆ ਕਰ। ਵਿਆਜ ਤਾਂ ਬੈਂਕਾਂ ਵਾਲੇ ਵੀ ਲੈਂਦੇ ਹਨ ਪਰ ਕਿਸੇ ਜੀਵ ਨੂੰ ਬਹੁਤਾ ਜਿਆਦਾ ਮਜਬੂਰ ਕਰਕੇ ਵੀ ਵਿਆਜ ਨਹੀਂ ਲੈਣਾ ਚਾਹੀਦਾ ਜਿਸ ਨਾਲ ਅਗਲੇ ਦਾ ਨੁਕਸਾਨ ਹੋਵੇ। ਦੂਸਰਾ ਸੌਦਾ ਘੱਟ ਨਾ ਤੋਲੋ ਅਰਥਾਤ ਕਿਸੇ ਨਾਲ ਧੋਖਾ ਨਾ ਕਰੋ। ਸੁਆਮੀ ਰਾਮਾਨੰਦ ਜੀ ਨੇ ਕਹਿ ਰੱਖਿਆ ਸੀ ਕਿ ਸਾਹਮਣੇ ਘਰ ਵਾਲਾ ਬਾਣੀਆ ਸੌਦਾ ਘੱਟ ਤੋਲਦਾ ਹੈ, ਲੋਕਾਂ ਤੋਂ ਵਿਆਜ ਬਹੁਤ ਜਿਆਦਾ ਲੈਂਦਾ ਹੈ। ਅਸੀਂ ਬਿਹਾਰ ਵਿੱਚ ਵੇਖਿਆ ਹੈ ਕਿ ਬਿਹਾਰ ਦੇ ਲੋਕ ਇੱਧਰ ਆ ਕੇ ਬਹੁਤ ਮਿਹਨਤ ਕਰਦੇ ਹਨ। ਪਰ ਇਹ ਬਿਹਾਰ ਤੋਂ ਤੁਰਨ ਲੱਗਿਆਂ 5 ਪ੍ਰਤੀਸ਼ਤ ਜਾਂ 10 ਪ੍ਰਤੀਸ਼ਤ ਤੱਕ ਵਿਆਜ ਉੱਪਰ ਪੈਸੇ ਲੈ ਕੇ ਆਉਂਦੇ ਹਨ। ਦਸਾਂ ਮਹੀਨਿਆਂ ਵਿੱਚ ਸੌ ਰੁਪੈ ਦਾ ਵਿਆਜ ਹੀ ਸੌ ਰੁਪੈ ਬਣ ਜਾਂਦਾ ਹੈ। ਪੰਜ ਮਹੀਨਿਆਂ ਵਿੱਚ ਸੌ ਰੁਪੈ ਦੇ ਪੰਜਾਹ ਰੁਪੈ ਬਣ ਜਾਂਦੇ ਹਨ। ਫੇਰ ਉੱਥੇ ਬਿਹਾਰ ਵਿੱਚ ਡਾਂਗ ਨਾਲ ਵਿਆਜ ਲੈਂਦੇ ਹਨ। ਸੋਈ ਸੁਆਮੀ ਰਾਮਾਨੰਦ ਜੀ ਨੇ ਕਹਿ ਰੱਖਿਆ ਸੀ ਕਿ ਇਸ ਬਾਣੀਏ ਤੋਂ ਕਦੇ ਸੇਵਾ ਵਿੱਚ ਰਾਸ਼ਨ ਨਹੀਂ ਲੈਣਾ। ਬਾਣੀਏ ਨੂੰ ਵੀ ਪਤਾ ਸੀ ਕਿ ਮੇਰੇ ਕੋਲੋਂ ਰਾਸ਼ਨ ਲੈਣ ਤੋਂ ਮਨ੍ਹਾ ਕੀਤਾ ਹੋਇਆ ਹੈ। ਇੱਕ ਦਿਨ ਬਾਰਿਸ਼ ਬਹੁਤ ਪੈ ਰਹੀ ਸੀ। ਉਸ ਵਕਤ ਗੁਰੂ ਰਵਿਦਾਸ ਜੀ ਮਹਾਰਾਜ ਜੋ ਉਦੋਂ ਕਲੀ ਪੰਡਿਤ ਦੇ ਰੂਪ ਵਿੱਚ ਸੁਆਮੀ ਰਾਮਾਨੰਦ ਜੀ

ਦੀ ਸੇਵਾ ਕਰਦੇ ਸਨ, ਉਹ ਗਜਾ ਕਰਕੇ ਰਾਸ਼ਨ ਲਿਆਉਂਦੇ ਸਨ। ਕਲੀ ਪੰਡਿਤ ਨੂੰ ਭੇਜਿਆ ਗਿਆ ਕਿ ਤੂੰ ਜਾ ਕੇ ਗਜਾ ਕਰਕੇ ਭੋਜਨ ਲਿਆ। ਉਹ ਬਾਣੀਆ ਕਹਿਣ ਲੱਗਾ ਕਲੀ! ਐਨਾ ਮੀਂਹ ਪੈ ਰਿਹਾ ਹੈ। ਹੁਣ ਕੌਣ ਦੇਖ ਰਿਹਾ ਹੈ। ਮੈਂ ਤੇਰੇ ਸਤਿਗੁਰ ਨੂੰ ਜਾਂ ਕਿਸੇ ਹੋਰ ਨੂੰ ਵੀ ਪਤਾ ਨਹੀਂ ਲੱਗਣ ਦੇਵਾਂਗੇ। ਮੈਂ ਤੈਨੂੰ ਇੱਥੋਂ ਇੱਕਠਾ ਹੀ ਰਾਸ਼ਨ ਦੇ ਦਿੰਦਾ ਹਾਂ। ਪਰ ਤੂੰ ਕੁਝ ਸਮਾਂ ਠਹਿਰ ਕੇ ਜਾਵੀਂ ਤਾਂ ਕਿ ਉਹਨਾਂ ਨੂੰ ਪਤਾ ਨਾ ਲੱਗੇ ਕਿ ਤੂੰ ਨੇੜਿਉਂ ਹੀ ਰਾਸ਼ਨ ਲੈ ਆਇਆ ਏਂ। ਇਹ ਰਾਸ਼ਨ ਲਿਜਾ ਕੇ ਤੂੰ ਆਪਣੇ ਸੰਤਾਂ ਨੂੰ ਭੋਜਨ ਖੁਆ ਦੇ ਤਾਂ ਕਿ ਮੈਂ ਵੀ ਬਖਸ਼ਿਆ ਜਾਵਾਂ। ਜਦੋਂ ਸ਼ਾਮ ਸਮੇਂ ਕਲੀ ਪੰਡਿਤ ਨੇ ਖਾਣਾ ਖੁਆਇਆ ਤਦ ਸੁਆਮੀ ਰਾਮਾਨੰਦ ਜੀ ਦਾ ਚਿੱਤ ਭਗਤੀ ਵਿੱਚ ਨਾ ਲੱਗੇ, ਸਿਮਰਨ ਨਾ ਹੋਵੇ, ਮਨ ਨੂੰ ਕਲਪਨਾ ਆਵੇ। ਤਦ ਸੁਆਮੀ ਰਾਮਾਨੰਦ ਜੀ ਨੇ ਕਲੀ ਪੰਡਿਤ ਨੂੰ ਬੁਲਾ ਕੇ ਪੁੱਛਿਆ ਕਿ ਕਲੀ! ਤੂੰ ਅੱਜ ਕਿਸ ਦੇ ਘਰੋਂ ਰਾਸ਼ਨ ਲੈ ਕੇ ਆਇਆ ਸੀ? ਕਲੀ ਪੰਡਿਤ ਨੇ ਉੱਤਰ ਦਿੱਤਾ ਸੱਚੇ ਪਾਤਿਸ਼ਾਹੋ! ਮੇਰੇ ਕੋਲੋਂ ਭੁੱਲ ਹੋ ਗਈ ਹੈ। ਬਹੁਤ ਬਾਰਿਸ਼ ਪੈ ਰਹੀ ਸੀ। ਕਿਤਿਉਂ ਵੀ ਲੰਗਰ ਮਿਲਣ ਦਾ ਸਾਧਨ ਨਹੀਂ ਸੀ। ਮੈਂ ਤੁਹਾਡੇ ਬਚਨਾਂ ਦੀ ਉਲੰਘਣਾ ਕਰਕੇ ਸਾਹਮਣੇ ਘਰ ਵਾਲੇ ਬਾਣੀਏ ਕੋਲੋਂ ਰਾਸ਼ਨ ਲਿਆਂਦਾ ਹੈ। ਸੁਆਮੀ ਰਾਮਾਨੰਦ ਜੀ ਨੇ ਕਿਹਾ ਤੂੰ ਬਹੁਤ ਨੀਚ ਕੰਮ ਕੀਤਾ ਹੈ, ਚੰਡਾਲਾਂ ਵਾਲਾ ਕੰਮ ਕੀਤਾ ਹੈ। ਸਾਡੀ ਭਗਤੀ ਵਿੱਚ ਵਿਘਨ ਪਾਇਆ ਹੈ। ਇਸ ਕਰਕੇ ਤੂੰ ਚੋਲਾ ਛੱਡ ਦੇਹ। ਕਲੀ ਪੰਡਿਤ ਦੀ ਮੌਤ ਹੋ ਗਈ। ਫੇਰ ਉਸਦਾ ਚਮਿਆਰਾਂ ਦੇ ਇੱਕ ਪਰਿਵਾਰ ਵਿੱਚ ਜਨਮ ਹੋਇਆ। ਇਤਿਹਾਸ ਦੱਸਦਾ ਹੈ ਕਿ ਗੁਰੂ ਰਵਿਦਾਸ ਜੀ ਪੰਜ ਦਿਨ ਰੋਂਦੇ ਰਹੇ ਅਤੇ ਆਪਣੀ ਮਾਤਾ ਦਾ ਦੁੱਧ ਨਹੀਂ ਪੀਤਾ। ਨਗਰ ਵਿੱਚ ਚਰਚਾ ਹੋ ਗਈ ਕਿ ਇੱਕ ਬੱਚਾ ਪੈਦਾ ਹੋਇਆ ਹੈ, ਉਹ ਜਿਉਂਦਾ ਵੀ ਹੈ, ਠੀਕ-ਠਾਕ ਵੀ ਹੈ ਪਰ ਪੰਜ ਦਿਨ ਤੋਂ ਕੁਝ ਵੀ ਖਾ-ਪੀ ਨਹੀਂ ਰਿਹਾ। ਕੇਵਲ ਰੋਈ ਜਾ ਰਿਹਾ ਹੈ। ਤਦ ਸੁਆਮੀ ਰਾਮਾਨੰਦ ਜੀ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਹ ਕਲੀ ਪੰਡਿਤ ਸਾਡੇ ਕੋਲ ਆਏ ਹਨ। ਉਸ ਵਕਤ ਸੁਆਮੀ ਰਾਮਾਨੰਦ ਜੀ ਦੀ ਦੁਨੀਆਂ ਵਿੱਚ ਬਹੁਤ ਉਸਤਿਤ ਸੀ ਅਤੇ ਚਮਿਆਰਾਂ ਦੇ ਘਰ ਕੋਈ ਪੈਰ ਨਹੀਂ ਸੀ ਪਾਉਂਦਾ। ਪਰ ਸੁਆਮੀ ਰਾਮਾਨੰਦ ਜੀ ਉਸ ਘਰ ਗਏ ਅਤੇ ਜਾ ਕੇ ਦੇਖ ਕੇ ਕਿਹਾ ਕਿ ਪੁੱਤਰ! ਤੇਰੀ ਗਲਤੀ ਛੋਟੀ ਜਿਹੀ ਸੀ ਪਰ ਤੈਨੂੰ ਸਜ਼ਾ ਬਹੁਤ ਵੱਡੀ ਮਿਲੀ ਹੈ। ਹੁਣ ਦੁਨੀਆਂ ਵਿੱਚ ਤੇਰੀ ਜੈ ਜੈ ਕਾਰ ਹੋਵੇਗੀ। ਤੇਰੀ ਉਸਤਿਤ ਹੋਵੇਗੀ।

*ਭਗਤ ਭਗਤ ਜਗ ਵਜਿਆ*
*ਚਹੁੰ ਚੱਕਾਂ ਦੇ ਵਿਚਿ ਚੰਮਰੇਟਾ।*

ਤਥਾ

*ਜਿਸ ਨੀਚ ਕਉ ਕੋਈ ਨ ਜਾਨੈ॥*
*ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥੧॥ (ਅੰਗ 386)*

ਗੁਰੂ ਰਵਿਦਾਸ ਜੀ ਨੇ ਨਾਮ ਜਪ ਕੇ ਦੁਨੀਆਂ ਵਿੱਚ ਜੈ ਜੈ ਕਾਰ ਕਰਵਾਈ। ਇਸ ਸਮੇਂ ਦੁਨੀਆਂ ਵਿੱਚ ਸਭ ਤੋਂ ਜਿਆਦਾ ਪੈਰੋਕਾਰ ਗੁਰੂ ਰਵਿਦਾਸ ਜੀ ਦੇ ਹਨ। ਹਿੰਦੋਸਤਾਨ ਅਤੇ ਵਿਦੇਸ਼ਾਂ ਵਿੱਚ ਵੀ ਉਹਨਾਂ ਦੇ ਪੈਰੋਕਾਰ ਹਨ।

ਸੋਈ ਗੁਰੂ ਰਵਿਦਾਸ ਜੀ ਉਸ ਮਾਲਿਕ ਨੂੰ ਸੰਬੋਧਨ ਕਰਕੇ ਫੁਰਮਾ ਰਹੇ ਹਨ ਕਿ ਐ ਅੱਲਾਹ, ਗਾਡ, ਰਾਮ, ਅਕਾਲ ਪੁਰਖ ਵਾਹਿਗੁਰੂ, ਮਾਧੋ, ਰਮਈਆ, ਠਾਕੁਰ, ਗੁਸਈਆਂ! ਗਿਰਵਰ ਬੱਦਲ ਨੂੰ ਕਹਿੰਦੇ ਹਨ 'ਗਿਰ ਬਸੁਧਾ' ਪਹਾੜ ਨੂੰ ਕਹਿੰਦੇ ਹਨ।

*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ॥ ੧॥ (ਅੰਗ 1204)*

ਕਿ ਪਹਾੜ, ਸੂਰਜ, ਚੰਦਰਮਾ, ਤਾਰੇ ਸਭ ਖਤਮ ਹੋ ਸਕਦੇ ਹਨ ਪਰ ਸੰਤਾਂ ਦੇ ਬਚਨ ਨਹੀਂ ਮੁੜਦੇ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ ਜਿਸ ਤਰ੍ਹਾਂ ਜਦੋਂ ਬੱਦਲ ਗਰਜਦੇ ਹਨ ਉਦੋਂ ਮੋਰ ਖੁਸ਼ੀ ਵਿੱਚ ਹੀ ਪੈਲਾਂ ਪਾਉਣੀਆਂ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਹਜ਼ੂਰ! ਤੁਹਾਡੇ ਨਾਲ ਸਾਡਾ ਐਨਾ ਪਿਆਰ ਹੋਵੇ ਜਿਸ ਤਰ੍ਹਾਂ ਬੱਦਲ ਅਤੇ ਮੋਰ ਦਾ ਆਪਸ ਵਿੱਚ ਪਿਆਰ ਹੁੰਦਾ ਹੈ। ਜਿਸ ਤਰ੍ਹਾਂ ਮੋਰ ਬੱਦਲ ਨੂੰ ਦੇਖ ਕੇ ਖੁਸ਼ੀ ਮਨਾਉਂਦਾ, ਪੈਲਾ ਪਾਉਂਦਾ ਅਤੇ ਨਾਚ ਕਰਦਾ ਹੈ। ਇਸ ਤਰ੍ਹਾਂ ਤੁਹਾਡਾ ਮਿਲਾਪ ਹੋਣ ਉਪਰੰਤ ਸਾਡੇ ਮਨ ਵਿੱਚ ਖੁਸ਼ੀ ਹੋਵੇ। ਦੂਸਰੀ ਮਿਸਾਲ ਹਜੂਰ ਚੰਦ ਚਕੋਰ ਦੀ ਪ੍ਰੀਤ ਦੀ ਦਿੰਦੇ ਹਨ।

ਚਕੋਰ ਇੱਕ ਪੰਛੀ ਹੈ ਜਦੋਂ ਚੰਦਰਮਾ ਚੜ੍ਹਦਾ ਹੈ ਤਦ ਚਕੋਰ ਚੰਦਰਮਾ ਨੂੰ ਦੇਖਣ ਲੱਗ ਪੈਂਦਾ ਹੈ। ਜਿਵੇਂ-ਜਿਵੇਂ ਚੰਦਰਮਾ ਘੁੰਮਦਾ ਹੈ ਤਿਉਂ-ਤਿਉਂ ਚਕੋਰ ਆਪਣੀ ਗਰਦਨ ਨੂੰ ਘੁਮਾਈ ਜਾਂਦਾ ਹੈ। ਉਸ ਦੇ ਅੰਦਰ ਚੰਦਰਮਾ ਨੂੰ ਦੇਖਣ ਦਾ ਐਨਾ ਚਾਅ ਹੁੰਦਾ ਹੈ ਕਿ ਉਹ ਆਪਣੇ ਪੈਰ ਨਹੀਂ ਹਿਲਾਉਂਦਾ ਪਰ ਗਰਦਨ ਘੁਮਾ ਕੇ ਡਿੱਗ ਪੈਂਦਾ ਹੈ। ਫੇਰ ਜਦੋਂ ਚੰਦਰਮਾ ਅਸਤ ਹੁੰਦਾ ਹੈ ਉਹ ਉਸ ਨੂੰ ਲੱਭਦਾ-ਲੱਭਦਾ ਭਖਦੇ ਕੋਲੇ ਨੂੰ ਮੂੰਹ ਵਿੱਚ ਪਾ ਬੈਠਦਾ ਹੈ ਕਿ ਸ਼ਾਇਦ ਇਹ ਚੰਦਰਮਾ ਹੈ। ਇਸ ਤਰ੍ਹਾਂ ਆਪਣੀ ਜਾਨ ਤੱਕ ਦੇ ਦਿੰਦਾ ਹੈ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਤੁਹਾਡੇ ਨਾਲ ਸਾਡੀ ਚਕੋਰ ਵਰਗੀ ਪ੍ਰੀਤ ਹੋਵੇ ਅਤੇ ਅਸੀਂ ਇੱਕ ਸਕਿੰਟ ਵੀ ਤੁਹਾਡੇ ਦਰਸ਼ਨਾਂ ਤੋਂ ਵਾਂਝੇ ਨਾ ਹੋਈਏ।

**ਮਾਧਵੇ ਤੁਮ ਨ ਤੋਰਹੁ ਹਮ ਨਹੀ ਤੋਰਹਿ॥**

**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ ਰਹਾਉ॥**

ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਬਖਸ਼ਿਸ਼ ਕਰਿਉ। ਮੈਨੂੰ ਪਿੱਛੇ ਨਾ ਕਰਿਉ ਅਤੇ ਨਾ ਹੀ ਮੈਂ ਤੁਹਾਡੇ ਕੋਲੋਂ ਵੱਖਰਾਂ ਹੋਵਾਂ। ਹਜ਼ੂਰ! ਮੇਰੀ ਇੱਕ ਬੇਨਤੀ ਸੁਣੋ ਕਿ ਮੈਂ ਤੁਹਾਡੇ ਨਾਲੋਂ ਵਿੱਛੜ ਕੇ ਕਿਸੇ ਹੋਰ ਨਾਲ ਨਾ ਜੁੜਾਂ। ਹਜ਼ੂਰ ਮੈਨੂੰ ਹੋਰ ਕੋਈ ਦਿਸਦਾ ਵੀ ਨਹੀਂ ਹੈ ਜਿਸ ਨਾਲ ਮੇਰੀ ਪ੍ਰੀਤ ਬਣੇ। ਮੈਨੂੰ ਹਮੇਸ਼ਾਂ ਆਪਣੀ ਸ਼ਰਨ ਬਖਸ਼ੀ ਰੱਖਿਉ। ਮੇਰੀ ਇਹ ਫਰਿਆਦ ਅਤੇ ਜੋਦੜੀ ਕਬੂਲ ਕਰਿਉ।

**ਜਉ ਤੁਮ ਦੀਵਰਾ ਤਉ ਹਮ ਬਾਤੀ॥**

ਹਜ਼ੂਰ! ਜਿਸ ਤਰ੍ਹਾਂ ਦੀਵੇ ਵਿੱਚ ਤੇਲ ਹੁੰਦਾ ਹੈ ਅਤੇ ਬੱਤੀ ਬਿਰਹਾ ਵਿੱਚ ਸੜਦੀ ਹੈ ਇਸ ਤਰ੍ਹਾਂ ਮੈਨੂੰ ਤੁਹਾਡੇ ਪਿਆਰ ਦੀ ਬਿਰਹਾ ਲੱਗੇ। ਮੈਂ ਦੀਵੇ ਵਿੱਚ ਹੀ ਜਲ-ਜਲ ਕੇ ਖਤਮ ਹੋ ਜਾਵਾਂ ਪਰ ਦੀਵੇ ਤੋਂ ਬਾਹਰ ਨਾ ਨਿਕਲਾਂ। ਸਾਰੀ ਦੁਨੀਆਂ ਚਾਹੁੰਦੀ ਹੈ ਕਿ ਅਸੀਂ ਬੱਤੀ ਬਣੀਏ ਅਤੇ ਸਾਰੀ ਦੁਨੀਆਂ ਸਾਡਾ ਸਤਿਕਾਰ ਕਰੇ, ਸੋਭਾ ਕਰੇ। ਪਰ ਬੱਤੀ ਬਣਨਾ ਬਹੁਤ ਕਠਿਨ ਹੈ। ਆਪਣੇ ਆਪ ਨੂੰ ਸਾੜ ਕੇ ਲਾਈਟ ਦੇਣੀ ਪੈਂਦੀ ਹੈ। ਅਗਰ ਅਸੀਂ ਸੋਚੀਏ ਕਿ ਅਸੀਂ ਆਪਾ ਮਾਰਨ ਤੋਂ ਬਿਨਾ ਕਿਸੇ ਦੀ ਮਦਦ ਕਰ ਲਈਏ ਤਦ ਬਹੁਤ ਮੁਸਕਿਲ ਹੈ।

*ਆਪੁ ਗਵਾਈਐ ਤਾ ਸਹੁ ਪਾਈਐ॥ (ਅੰਗ 722)*

ਸੱਚੇ ਪਾਤਿਸ਼ਾਹੋ! ਮੈਨੂੰ ਐਨੀ ਪ੍ਰੀਤ ਬਖਸ਼ੋ ਜਿੰਨੀ ਦੀਵੇ ਅਤੇ ਬੱਤੀ ਦੀ ਹੁੰਦੀ ਹੈ।

**ਜੋ ਤੁਮ ਤੀਰਥੁ ਤਉ ਹਮ ਜਾਤੀ॥੨॥**

ਸੱਚੇ ਪਾਤਿਸ਼ਾਹੋ! ਜਿਸ ਤਰ੍ਹਾਂ ਯਾਤਰੀ ਅਤੇ ਸੇਵਕ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਦੇ ਹਨ ਇਸ ਤਰ੍ਹਾਂ ਮੈਂ ਹਮੇਸ਼ਾਂ ਤੁਹਾਡੇ ਬਚਨਾਂ ਦੀ ਧੂੜੀ ਮੰਗਦਾ ਰਹਾਂ। ਮੈਂ ਤੀਰਥ ਯਾਤਰੀ ਬਣ ਕੇ ਤੁਹਾਡੇ ਬਚਨਾਂ ਦੀ ਧੂੜੀ ਵਿੱਚ ਇਸ਼ਨਾਨ ਕਰਾਂ। ਜਿਸ ਤਰ੍ਹਾਂ ਤੀਰਥ ਯਾਤਰੀ ਤੀਰਥਾਂ ਤੇ ਜਾ ਕੇ ਖੁਸ਼ੀ ਮਨਾਉਂਦਾ ਹੈ ਮੈਨੂੰ ਇਸ ਤਰ੍ਹਾਂ ਤੁਹਾਡੇ ਬਚਨਾਂ ਦੀ ਖੁਸ਼ੀ ਹੋਵੇ।

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥**

**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥**

ਹਜ਼ੂਰ! ਅਸੀਂ ਆਪਣੀ ਸੱਚੀ ਪ੍ਰੀਤ ਤੁਹਾਡੇ ਨਾਲ ਜੋੜ ਦਿੱਤੀ ਹੈ ਅਤੇ ਲੋਕਾਂ ਨਾਲੋਂ ਪ੍ਰੀਤ ਤੋੜ ਲਈ ਹੈ। ਸਾਈਂ ਬੁੱਲ੍ਹੇ ਸ਼ਾਹ ਜੀ ਨੇ ਆਪਣੇ ਸਤਿਗੁਰ ਸਾਈਂ ਇਨਾਇਤ ਅਲੀ ਜੀ ਨੂੰ ਪੁੱਛਿਆ ਸੀ ਕਿ ਸੱਚੇ ਪਾਤਿਸ਼ਾਹੋ! ਰੱਬ ਕਿਸ ਤਰ੍ਹਾਂ ਮਿਲਦਾ ਹੈ? ਤਦ ਉਹਨਾਂ ਨੇ ਉੱਤਰ ਦਿੱਤਾ ਕਿ

*ਬੁੱਲ੍ਹਿਆ! ਰੱਬ ਦਾ ਕੀ ਪਾਉਣਾ।*

*ਐਧਰੋਂ ਪੁੱਟਣਾ ਓਧਰ ਲਾਉਣਾ।*

ਅਸੀਂ ਦੁਨਿਆਵੀ ਪ੍ਰੀਤ ਨੂੰ ਤੋੜ ਕੇ ਮਾਲਿਕ ਨਾਲ ਜੋੜੀਏ ਫੇਰ ਹਜ਼ੂਰ ਖੁਸ਼ ਹੁੰਦੇ ਹਨ।

**ਜਹ ਜਹ ਜਾਉ ਤਹਾ ਤੇਰੀ ਸੇਵਾ॥**

**ਤੁਮ ਸੋ ਠਾਕੁਰੁ ਅਉਰੁ ਨ ਦੇਵਾ॥੪॥**

ਸੱਚੇ ਪਾਤਿਸ਼ਾਹੋ! ਮੈਂ ਜਿੱਥੇ ਵੀ ਜਾਵਾਂ ਤੁਹਾਡੀ ਸੇਵਾ ਵਿੱਚ ਰਹਾਂ। ਮੈਨੂੰ ਤੁਹਾਡੇ ਬਗੈਰ ਹੋਰ ਕੋਈ ਠਾਕੁਰ ਜਾਂ ਦੇਵਤਾ ਨਜਰ ਨਾ ਆਵੇ। ਮੈਂ ਸਿਰਫ ਤੁਹਾਡੇ ਨਾਲ ਹੀ ਪਿਆਰ ਅਤੇ ਭਾਵ ਰੱਖਾਂ। ਮੇਰੀ ਇਹੋ ਬੇਨਤੀ ਅਤੇ ਜੋਦੜੀ ਹੈ ਮੇਰੇ ਉੱਪਰ ਬਖਸ਼ਿਸ਼ ਕਰੋ।

**ਤੁਮਰੇ ਭਜਨ ਕਟਹਿ ਜਮ ਫਾਂਸਾ॥**

**ਭਗਤਿ ਹੇਤ ਗਾਵੈ ਰਵਿਦਾਸਾ॥੫॥੫॥**

ਹਜ਼ੂਰ! ਮੈਂ ਸੁਣਿਆ ਹੈ ਕਿ ਤੁਹਾਡੀ ਭਗਤੀ ਕਰਨ ਵਾਲਿਆਂ ਦੀ ਜਮਾਂ ਦੀ ਫਾਂਸੀ ਕੱਟੀ ਜਾਂਦੀ ਹੈ। ਮੈਂ ਇਹ ਜੋ ਬੇਨਤੀਆਂ ਕੀਤੀਆਂ ਹਨ ਇਹ ਭਗਤੀ ਵੱਸ ਆ ਕੇ ਕੀਤੀਆਂ ਹਨ। ਕਿਸੇ ਨੂੰ ਖੁਸ਼ ਕਰਨ ਲਈ ਨਹੀਂ ਕੀਤੀਆਂ। ਮੈਂ ਜੋ ਵੀ ਦਲੀਲਾਂ ਦਿੱਤੀਆਂ ਹਨ ਜਾਂ ਮੈਂ ਜੋ ਵੀ ਬੋਲਿਆ ਹੈ ਉਹ ਭਗਤੀ ਭਾਵ ਵਿੱਚ ਆ ਕੇ ਬੋਲਿਆ ਹੈ। ਹਜ਼ੂਰ ਮੇਰਾ ਬੋਲਿਆ ਕਬੂਲ ਕਰ ਲਇਉ। ਕਿਉਂਕਿ ਜਦੋਂ ਬੱਚਾ ਗਲਤੀ ਕਰਦਾ ਹੈ ਮਾਤਾ ਪਿਤਾ ਕਹਿੰਦੇ ਹਨ ਕਿ ਇਹ ਬੱਚਾ ਅਣਜਾਣ ਹੈ ਤਦ ਗਲਤੀ ਕੀਤੀ ਹੈ। ਹਜ਼ੂਰ! ਇਸ ਤਰ੍ਹਾਂ ਮੈਂ ਇੱਕ ਅਣਜਾਣ ਬੱਚਾ ਹਾਂ ਅਤੇ ਭਗਤੀ ਵੱਸ ਆ ਕੇ ਸਭ ਕੁਝ ਕਿਹਾ ਹੈ। ਇਸ ਕਰਕੇ ਮੇਰੀ ਇਹ ਬੇਨਤੀ ਕਬੂਲ ਕਰਿਉ।

# ਸਤਿਸੰਗ ਸੰਗ੍ਰਾਂਦ ਮਹੀਨਾ ਫੱਗਣ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1109)**
**ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥**

ਫੱਗਣ ਦਾ ਮਹੀਨਾ 13-2-2011 ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ ਸ਼ਾਂਤੀ ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਨੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਹੀ ਬਖਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*(ਅੰਗ 1395)*

ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਸਾਧ ਸੰਗਤ ਜੀ! ਫੱਗਣ ਦੇ ਮਹੀਨੇ ਵਿੱਚ ਮਨ ਗੁਰਬਾਣੀ ਵੱਲ ਤੁਰਦਾ ਹੈ ਅਤੇ ਗੁਰਬਾਣੀ ਵਿੱਚ ਭਿਜਾ ਰਹਿੰਦਾ ਹੈ। ਪਿਛਲੇ ਮਹੀਨੇ ਅਰਥਾਤ ਮਾਘ ਦੇ ਮਹੀਨੇ ਵਿੱਚ ਜੋ ਜੀਵ ਸਿਮਰਨ ਕਰਦੇ ਰਹੇ ਹੁੰਦੇ ਹਨ ਉਹਨਾਂ ਉੱਪਰ ਬਹੁਤ ਬਖਸ਼ਿਸ਼ ਹੋਈ ਹੁੰਦੀ ਹੈ। ਇੰਗਲਿਸ਼ ਦਾ ਇੱਕ ਮੁਹਾਵਰਾ ਹੈ ਕਿ

July is hotter than june.

ਹਾਲਾਂਕਿ ਜੂਨ ਵਿੱਚ ਸੂਰਜ ਜਿਆਦਾ ਚਮਕਦਾ ਹੈ ਪਰ ਜੁਲਾਈ ਦਾ ਮਹੀਨਾ ਜੂਨ ਨਾਲੋਂ ਜਿਆਦਾ ਗਰਮ ਹੁੰਦਾ ਹੈ ਕਿਉਂਕਿ ਜੂਨ ਦੀ ਤਪਸ਼ ਦਾ ਅਸਰ ਜੁਲਾਈ ਮਹੀਨੇ ਵਿੱਚ ਵੀ ਰਹਿੰਦਾ ਹੈ। ਇਸ ਤਰ੍ਹਾਂ ਮਾਘ ਦੇ ਮਹੀਨੇ ਦੀ ਕਿਰਪਾ, ਬਖਸ਼ਿਸ਼, ਰਹਿਮਤ ਇਸ ਫੱਗਣ ਦੇ ਮਹੀਨੇ ਵਿੱਚ ਵੀ ਅਸਰ ਕਰਦੀ ਹੈ। ਜੋ ਮਨ ਮਾਘ ਦੇ ਮਹੀਨੇ ਵਿੱਚ ਗੁਰਬਾਣੀ ਨਾਲ ਭਿੱਜਿਆ ਹੁੰਦਾ ਹੈ ਉਹ ਮਨ ਫੱਗਣ ਦੇ ਮਹੀਨੇ ਵਿੱਚ ਵੀ ਗੁਰਬਾਣੀ ਵੱਲ ਤੁਰਨ ਲਈ ਤਿਆਰ ਰਹਿੰਦਾ ਹੈ, ਸਿਮਰਨ ਕਰਦਾ ਹੈ। ਇਸ ਕਰਕੇ ਜੀਵ ਨੂੰ ਅਜਿਹੇ ਸਮੇਂ ਦਾ ਲਾਭ ਜਰੂਰ ਖੱਟਣਾ ਚਾਹੀਦਾ ਹੈ।

**ਅਨਦਿਨੁ ਰਹਸੁ ਭਇਆ ਆਪੁ ਗਵਾਇਆ॥**

ਹਜ਼ੂਰ ਫੁਰਮਾਉਂਦੇ ਹਨ ਕਿ ਜਦੋਂ ਅਸੀਂ ਆਪਾ ਮਾਰ ਕੇ ਰਾਤ ਦਿਨ ਸਿਮਰਨ ਕਰਾਂਗੇ ਫੇਰ ਇਹ ਬਖਸ਼ਿਸ਼ ਹੁੰਦੀ ਹੈ।

**ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ**
**ਕਰਿ ਕਿਰਪਾ ਘਰਿ ਆਓ॥**

ਹਜ਼ੂਰ ਫੁਰਮਾਉਂਦੇ ਹਨ ਕਿ ਜੀਵ ਨੂੰ ਦੁਨਿਆਵੀ ਮੋਹਾਂ ਤੋਂ ਉੱਪਰ ਉੱਠ ਕੇ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਮੈਂ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ, ਪਰਿਵਾਰਿਕ ਮੋਹ, ਜਾਇਦਾਦ, ਕਾਰੋਬਾਰ ਵਿੱਚ ਫਸਿਆ ਹੋਇਆ ਹਾਂ। ਮੇਰੇ ਉੱਪਰ ਕਿਰਪਾ ਕਰੋ। ਮੇਰੇ ਗ੍ਰਿਹ ਵਿਖੇ ਚਰਨ ਪਾਉ ਤਾਂ ਕਿ ਮੇਰਾ ਇਹਨਾਂ ਤੋਂ ਛੁਟਕਾਰਾ ਹੋਵੇ।

**ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥**

ਅਗਰ ਮਹੱਲਾ ਵਿੱਚ ਰਹਿ ਰਹੀ ਲੜਕੀ ਸੁੰਦਰ ਅਤੇ ਜਵਾਨ ਵੀ ਹੈ ਪਰ ਉਹਨਾਂ ਮਹੱਲਾਂ ਵਿੱਚ ਉਸਦਾ ਪਤੀ ਨਹੀਂ ਹੈ ਤਦ ਉਸ ਦਾ ਵੇਸ ਕੀਤਾ, ਕੱਪੜੇ ਪਾਏ, ਸ਼ਿੰਗਾਰ ਕੀਤਾ ਕਿਸੇ ਅਰਥ ਨਹੀਂ ਹਨ। ਇਸ ਕਰਕੇ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਤੁਸੀਂ ਸਾਨੂੰ ਸਭ ਕੁਝ ਬਖਸ਼ਿਆ ਹੈ। ਧੀਆਂ, ਪੁੱਤਰ, ਧਨ, ਦੌਲਤ, ਅਹੁਦੇ ਬਖਸ਼ੇ ਹਨ। ਹੁਣ ਸਾਨੂੰ ਤੁਹਾਡੇ ਦਰਸ਼ਨਾਂ ਦੀ ਜ਼ਰੂਰਤ ਹੈ, ਤੁਹਾਡੀ ਹਾਜਰੀ ਅਤੇ ਇੱਥੇ ਆਉਣ ਦੀ ਜਰੂਰਤ ਹੈ।

**ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥**

ਸੱਚੇ ਪਾਤਿਸ਼ਾਹੋ! ਮੇਰੇ ਕੋਲ ਸਭ ਕੁਝ ਹੈ। ਪਰ ਉਹੋ ਲੜਕੀ ਹੀ ਸੁਹਾਗਣ ਅਤੇ ਭਾਗਾਂ ਵਾਲੀ ਹੈ ਜੋ ਆਪਣੇ ਪਤੀ ਦੀ ਇੱਛਾ ਅਨੁਕੂਲ ਸ਼ਿੰਗਾਰ ਕਰਦੀ ਹੈ। ਅਗਰ ਪਤੀ ਕਹਿੰਦਾ ਹੈ ਕਿ ਤੂੰ ਆਹ ਕੱਪੜਾ ਨਾ ਪਹਿਨ, ਅਤੇ ਉਹ ਲੜਕੀ ਪਤੀ ਦਾ ਕਹਿਣਾ ਮੰਨ ਕੇ ਉਹ ਕੱਪੜਾ ਨਹੀਂ ਪਾਵੇਗੀ ਤਾਂ ਉਹ ਖੁਸ਼ੀਆਂ ਮਾਣੇਗੀ। ਇਸੇ ਤਰ੍ਹਾਂ ਪੁਰਸ਼ਾਂ ਨੂੰ ਵੀ ਚਾਹੀਦਾ ਹੈ ਕਿ ਅਗਰ ਪਤਨੀ ਕਹਿੰਦੀ ਹੈ ਕਿ ਤੁਸੀਂ ਆਹ ਸੂਟ ਨਾ ਪਾਉ ਜਾਂ ਆਹ ਰੰਗ ਤੁਹਾਨੂੰ ਜਚਦਾ ਨਹੀਂ ਹੈ, ਨਾ ਪਾਉ ਤਦ ਉਹ ਵੀ ਨਾ ਪਹਿਨਣ।

ਸਾਡਾ ਆਪਣਾ ਵੀ ਸੁਭਾਅ ਇਸੇ ਤਰ੍ਹਾਂ ਦਾ ਸੀ ਪਰ ਆਹਿਸਤਾ-ਆਹਿਸਤਾ ਅਸੀਂ ਆਪਣੇ ਅੰਦਰ ਸੁਧਾਰ ਲਿਆਂਦਾ ਹੈ। ਤੁਸੀਂ ਵੀ ਜਰੂਰ ਸੁਧਾਰ ਲਿਆਇਉ। ਸਾਡੇ ਵਿੱਚ ਇੱਕ ਜਿੱਦ ਹੁੰਦੀ ਸੀ ਕਿ ਜੋ ਕੱਪੜਾ ਅਸੀਂ ਇੱਕ ਵਾਰ ਪਹਿਨ ਲਿਆ ਹੈ ਉਹ ਉਤਾਰਨਾ ਨਹੀਂ ਹੈ। ਜੇ ਅਸੀਂ ਪੱਗ ਬੰਨਣੀ ਅਤੇ ਕੋਈ ਧਾਗਾ ਬਾਹਰ ਨਿਕਲਿਆ ਰਹਿ ਜਾਣਾ ਤਦ ਪਰਿਵਾਰ ਨੇ ਕਹਿਣਾ ਕਿ ਧਾਗਾ ਬਾਹਰ ਨਿਕਲਿਆ ਬੁਰਾ ਲੱਗਦਾ ਹੈ, ਤੁਸੀਂ ਪੱਗ ਬਦਲ ਲਉ। ਅਸੀਂ ਕਹਿਣਾ ਅਸੀਂ ਕਿੱਥੇ ਪੱਗ ਢਾਹ ਕੇ ਦੁਬਾਰਾ ਬੰਨ੍ਹਦੇ ਰਹਾਂਗੇ। ਆਪਾਂ ਨੂੰ ਕਿਹੜਾ ਕਿਸੇ ਨੇ ਦੇਖਣਾ ਹੈ। ਉਹ ਕਹਿੰਦੇ ਸਨ ਕਿ ਅਸੀਂ ਸਾਰੇ ਤਾਂ ਤੁਹਾਨੂੰ ਦੇਖ ਰਹੇ ਹਾਂ ਹੋਰ ਕਿਸ ਨੇ ਦੇਖਣਾ ਹੈ? ਪਹਿਲਾਂ ਅਸੀਂ ਬਹੁਤ ਜਿੱਦ ਰੱਖੀ। ਪਰ ਹੌਲੀ-ਹੌਲੀ ਸਾਨੂੰ ਬੱਚਿਆਂ ਦਾ ਅਤੇ ਘਰਵਾਲੀ ਦਾ ਕਹਿਣਾ ਮੰਨਣਾ ਪਿਆ।

ਇਸ ਕਰਕੇ ਇਹ ਗੱਲ ਦੋਹਾਂ ਧਿਰਾਂ ਵਿੱਚ ਹੋਣੀ ਚਾਹੀਦੀ ਹੈ। ਸਾਡੇ ਨਾਲ ਐਸਾ ਜ਼ਰੂਰ ਵਾਪਰਦਾ ਹੈ। ਤੁਹਾਡੇ ਨਾਲ ਵੀ ਵਾਪਰਦਾ ਹੋਵੇਗਾ ਅਤੇ ਤੁਸੀਂ ਵੀ ਜ਼ਿੱਦ ਜ਼ਰੂਰ ਕਰਦੇ ਹੋਵੋਗੇ ਕਿ ਹੁਣ ਮੈਂ ਆਹ ਕੱਪੜਾ ਪਾ ਲਿਆ ਹੈ ਹੁਣ ਨਹੀਂ ਉਤਾਰਨਾ। ਪਰ ਜੇਕਰ ਲੜਕੀ ਪਤੀ ਦੀ ਇੱਛਾ ਅਤੇ ਖਾਹਿਸ਼ ਅਨੁਸਾਰ ਕੱਪੜੇ ਪਾਉਂਦੀ ਹੈ ਤਦ ਪਤੀ ਨੂੰ ਖੁਸ਼ੀ ਜ਼ਰੂਰ ਹੁੰਦੀ ਹੈ ਕਿ ਇਸ ਨੇ ਮੇਰਾ ਕਹਿਣਾ ਵੀ ਮੰਨਿਆ ਹੈ ਅਤੇ ਇਹ ਕੱਪੜਾ ਇਸ ਨੂੰ ਜੱਚਦਾ ਵੀ ਹੈ। ਇਸੇ ਤਰ੍ਹਾਂ ਪਤੀ ਦਾ ਵੀ ਫਰਜ਼ ਬਣਦਾ ਹੈ ਕਿ ਉਹ ਪਰਿਵਾਰ ਦੀ ਗੱਲ ਮੰਨੇ। ਪਰ ਐਸਾ ਨਾ ਹੋਵੇ ਕਿ ਉਹ ਸ਼ਿੰਗਾਰ ਕਰਦਿਆਂ ਹੀ ਗੱਡੀ ਲੰਘਾ ਲੈਣ ਜਾਂ ਫੰਕਸ਼ਨ ਲੰਘਾ ਲੈਣ ਅਤੇ ਉਸ ਦੀ ਪੱਗ ਹੀ ਸੈੱਟ ਨਾ ਬੈਠੇ। ਸਮਾਂ ਦੇਖ ਕੇ ਕੰਮ ਕਰ ਲੈਣਾ ਚਾਹੀਦਾ ਹੈ। ਅਗਰ ਫੰਕਸ਼ਨ ਲੰਘਦਾ ਹੋਵੇ ਤਦ ਉਂਞ ਹੀ ਆ ਜਾਵੇ ਤਾਂ ਵੀ ਠੀਕ ਹੈ। ਹਰ ਮਹੀਨੇ ਵਿੱਚ ਸੰਤਾਂ ਨੇ ਭੇਦ ਬਖਸ਼ਿਆ ਹੈ ਕਿ ਇੱਕ ਦੂਸਰੇ ਦੀ ਰਾਇ ਅਨੁਸਾਰ ਕੰਮ ਕਰੋ।

*ਜਗ ਭਾਉਂਦਾ ਪਾਉ, ਮਨ ਭਾਉਂਦਾ ਖਾਉ।*

ਘਰ ਤੋਂ ਜਗ ਸ਼ੁਰੂ ਹੁੰਦਾ ਹੈ। ਜੋ ਘਰ ਦੇ ਮੈਂਬਰ ਹਨ ਉਹ ਵੀ ਜੱਗ ਵਿੱਚ ਹੀ ਆਉਂਦੇ ਹਨ।

**ਨਾਨਕ ਮੇਲਿ ਲਈ ਗੁਰਿ ਅਪਣੈ**
**ਘਰਿ ਵਰੁ ਪਾਇਆ ਨਾਰੀ॥੧੯॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਸ ਨੂੰ ਸਤਿਗੁਰ ਮਿਲ ਪੈਂਦੇ ਹਨ ਉਸ ਨੂੰ ਘਰ ਅਤੇ ਵਰ ਖੁਸ਼ੀਆਂ ਭਰਿਆ ਮਿਲਦਾ ਹੈ। ਸੋਈ ਮਾਲਿਕ ਦੀ ਕਿਰਪਾ ਹੋਵੇ ਤਦ ਸਭ ਕੁਝ ਠੀਕ ਹੁੰਦਾ ਹੈ। ਕਈ ਵਾਰ ਜੀਵ ਕੋਲ ਸਭ ਕੁਝ ਹੁੰਦਾ ਹੈ ਪਰ ਘਰ ਵਿੱਚ ਖੁਸ਼ੀ ਨਹੀਂ ਹੁੰਦੀ। ਹਜ਼ੂਰ ਦੀ ਕਿਰਪਾ ਸਦਕਾ ਪਰਿਵਾਰ ਵੀ ਹੋਵੇ ਅਤੇ ਖੁਸ਼ੀਆਂ ਖੇੜੇ ਵੀ ਹੋਣ। ਕਈਆਂ ਘਰਾਂ ਵਿੱਚ ਬਹੁਤ ਧਨ ਦੌਲਤਾਂ ਹਨ ਪਰ ਝਗੜੇ, ਮੁੱਕਦਮੇਂ, ਲੜਾਈਆਂ, ਚੱਲਦੀਆਂ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿੱਥੇ ਮਾਲਿਕ ਦੀ ਬਖਸ਼ਿਸ ਅਤੇ ਰਹਿਮਤ ਹੋ ਜਾਵੇ ਉੱਥੇ ਹਜ਼ੂਰ ਘਰ-ਵਰ ਅਤੇ ਖੁਸ਼ੀਆਂ ਖੇੜੇ ਹਜ਼ੂਰ ਬਖਸ਼ਦੇ ਹਨ।

ਸੋਈ ਫੱਗਣ ਦਾ ਮਹੀਨਾ ਐਤਵਾਰ ਦਾ ਦਿਨ ਹਜ਼ੂਰ ਖੁਸੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੇੜੇ ਇਤਿਫ਼ਾਕ , ਚੜ੍ਹਦੀ ਕਲਾ ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਮਹੀਨੇ ਬਾਰੇ ਮਾਝ ਰਾਗ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 136)**
**ਫਲਗੁਣਿ ਅਨੰਦ ਉਪਾਰਜਨਾ**
**ਹਰਿ ਸਜਣ ਪ੍ਰਗਟੇ ਆਇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ, ਸ਼ਹੀਦਾਂ ਦੇ ਸਿਰਤਾਜ ਸਾਨੂੰ ਸਿੱਖਿਆ ਦੇ ਰਹੇ ਹਨ, ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਉ! ਉਹ ਤਾਕਤ ਇਸ ਮਹੀਨੇ ਵਿੱਚ ਜੀਵ ਦੇ ਅੰਦਰ ਅਵੱਸ਼ ਪ੍ਰਗਟ ਹੁੰਦੀ ਹੈ ਅਤੇ ਉਸ ਜੀਵ ਨੂੰ ਇੱਕ ਅਨੰਦ ਆਉਂਦਾ ਹੈ। ਪਰ ਜਿਹੜੇ ਜੀਵਾਂ ਦੇ ਅੰਦਰ ਤਾਕਤ ਪ੍ਰਗਟ ਨਹੀਂ ਹੋਈ ਉਹਨਾਂ ਨੂੰ ਪਤਾ ਨਹੀਂ ਹੈ ਕਿ ਅਨੰਦ ਕੀ ਚੀਜ਼ ਹੈ। ਜਦੋਂ ਤੱਕ ਇਨਸਾਨ ਕਿਸੇ ਚੀਜ ਨੂੰ ਆਪ ਚੱਖਦਾ ਨਹੀਂ ਹੈ ਉਸ ਨੂੰ ਸੁਆਦ ਦਾ ਪਤਾ ਨਹੀਂ ਚੱਲਦਾ। ਸੋਈ ਇਸ ਮਹੀਨੇ ਵਿੱਚ ਮਾਲਿਕ ਦਰਸ਼ਨ ਜ਼ਰੂਰ ਬਖਸ਼ਦੇ ਹਨ ਅਤੇ ਅਨੰਦ ਆਉਂਦਾ ਹੈ। ਉਸ ਅਨੰਦ ਦੀ ਪ੍ਰਾਪਤੀ ਕਰਕੇ ਦੇਖੋ।

**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥**

ਅਗਰ ਤੁਸੀਂ ਕਹਿੰਦੇ ਹੋ ਕਿ ਸਾਨੂੰ ਕਦੇ ਦਰਸ਼ਨ ਨਹੀਂ ਹੋਏ ਹਜ਼ੂਰ ਫੁਰਮਾਉਂਦੇ ਹਨ ਕਿ ਸਾਧੂ ਦਰਸ਼ਨ ਕਰਨ ਵਿੱਚ ਸਹਾਇਤਾ ਕਰਦੇ ਹਨ। ਜਦੋਂ ਤੁਸੀਂ ਸਿਮਰਨ ਕਰਨ ਬੈਠਦੇ ਹੋ ਉਦੋਂ ਆਪਣੇ ਸੰਤਾਂ ਨੂੰ ਬੇਨਤੀ ਕਰੋ ਕਿ ਹਜ਼ੂਰ! ਮੈਂ ਅਨਜਾਣ ਜੀਵ ਹਾਂ, ਮੂਰਖ ਹਾਂ। ਮੇਰੇ ਕੋਲ ਕੋਈ ਭਗਤੀ, ਅਕਲ, ਸੂਰਤ ਜਾਂ ਸੁੱਧ-ਬੁੱਧ ਨਹੀਂ ਹੈ। ਤੁਸੀਂ ਕਿਰਪਾ ਕਰਕੇ ਮੇਰਾ ਮਾਲਿਕ ਨਾਲ ਮਿਲਾਪ ਕਰਾਉ। ਅਗਰ ਇਸ ਮਹੀਨੇ ਵਿੱਚ ਆਪਣੇ ਆਪ ਦਰਸ਼ਨ ਹੋ ਜਾਂਦੇ ਹਨ ਤਦ ਠੀਕ ਹੈ। ਪਰ ਜੇਕਰ ਨਹੀਂ ਹੁੰਦੇ ਤਦ ਸੰਤਾਂ ਨੂੰ ਬੇਨਤੀ ਜ਼ਰੂਰ ਕਰੋ ਕਿਉਂਕਿ ਉਹ ਮਿਲਾਪ ਬਖਸ਼ਦੇ ਹਨ, ਦਰਸ਼ਨ ਦੇਣ ਵਿੱਚ ਸਹਾਇਤਾ ਜ਼ਰੂਰ ਕਰਦੇ ਹਨ।

**ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥**

ਜਿਸ ਸੇਜ ਉੱਪਰ ਮਾਲਿਕ ਆ ਕੇ ਦਰਸ਼ਨ ਦੇ ਦਿੰਦੇ ਹਨ ਉੱਥੇ ਸੁੱਖ ਹੀ ਸੁੱਖ ਹੁੰਦੇ ਹਨ। ਦੁੱਖ ਉੱਥੇ ਨਹੀਂ ਆਉਂਦੇ।

**ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥**

ਫੇਰ ਮਾਲਿਕ ਜੀਵ ਦੀਆਂ ਸਾਰੀਆਂ ਖਾਹਿਸ਼ਾਂ ਅਤੇ ਸ਼ੁਭ ਭਾਵਨਾਵਾਂ ਪੂਰੀਆਂ ਕਰਦੇ ਹਨ ਅਤੇ ਮਾਲਿਕ ਆਪਣਾ ਮਿਲਾਪ ਬਖਸ਼ ਦਿੰਦੇ ਹਨ।

**ਮਿਲਿ ਸਹੀਆ ਮੰਗਲੁ ਗਾਵਹੀ**
**ਗੀਤ ਗੋਵਿੰਦ ਅਲਾਇ॥**

ਵਿਆਹਾਂ ਸ਼ਾਦੀਆਂ ਵਿੱਚ ਬੈਠ ਕੇ ਬੀਬੀਆਂ ਘੋੜੀਆਂ, ਗੀਤ ਅਤੇ ਸੁਹਾਗ ਗਾਉਂਦੀਆਂ ਹਨ। ਇਸੇ ਤਰ੍ਹਾਂ ਜਿੱਥੇ ਬਖਸ਼ਿਸ਼ ਹੁੰਦੀ ਹੈ ਉੱਥੇ ਜੁਬਾਨ ਉੱਪਰ ਆਪਣੇ ਆਪ ਹੀ ਗੁਰੂ ਦੀ ਸੋਭਾ ਅਤੇ ਉਸਤਤਿ ਆਉਂਦੀ ਹੈ।

**ਹਰਿ ਜੇਹਾ ਅਵਰੁ ਨ ਦਿਸਈ**
**ਕੋਈ ਦੂਜਾ ਲਵੈ ਨ ਲਾਇ॥**

*ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ॥ (ਅੰਗ 1362)*

Monthly **GURBANI UPMA** Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਤਥਾ

*ਮੈ ਚਾਰੇ ਕੁੰਡਾ ਭਾਲੀਆ*
*ਤੁਧੁ ਜੇਵਡੁ ਨ ਸਾਈਆ॥ (ਅੰਗ 1098)*

ਫੇਰ ਉਸ ਨੂੰ ਆਪਣੇ ਸਤਿਗੁਰ ਵਰਗਾ ਦੁਨੀਆਂ ਵਿੱਚ ਹੋਰ ਕੋਈ ਨਜਰ ਨਹੀਂ ਆਉਂਦਾ।

**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥**

ਫੇਰ ਮਾਲਿਕ ਜੀਵ ਦੇ ਪਿਛਲੇ ਕਰਮਾਂ ਦੇ ਸਾਰੇ ਪਾਪ ਨਵਿਰਤ ਕਰਕੇ ਹਲਤ ਅਤੇ ਪਲਤ ਸੁਆਰ ਦਿੰਦੇ ਹਨ ਅਤੇ ਨਿਹਚਲ ਅਰਥਾਤ ਸਦਾ ਵਾਸਤੇ ਸੁਖ ਬਖਸ਼ਦੇ ਹਨ।

**ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥**

ਹਜ਼ੂਰ ਸਭ ਤੋਂ ਵੱਡੀ ਬਖਸ਼ਿਸ਼ ਇਹ ਕਰਦੇ ਹਨ ਕਿ ਫੇਰ ਉਸ ਜੀਵ ਨੂੰ ਚੁਰਾਸੀ ਦੇ ਗੇੜ ਤੋਂ ਬਚਾ ਲੈਂਦੇ ਹਨ।

**ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥**

ਸੱਚੇ ਪਾਤਿਸ਼ਾਹੋ! ਮੇਰੀ ਇੱਕ ਜ਼ੁਬਾਨ ਹੈ ਜੋ ਛੋਟੀ ਜਿਹੀ ਹੈ। ਪਰ ਤੁਹਾਡੇ ਗੁਣ ਬਹੁਤੇ ਹਨ ਮੇਰੇ ਕੋਲੋਂ ਗਾਏ ਨਹੀਂ ਜਾ ਰਹੇ। ਇਸ ਕਰਕੇ ਮੇਰੇ ਉੱਪਰ ਬਖਸ਼ਿਸ਼ ਕਰਕੇ ਮੇਰਾ ਗਾਇਆ ਅਤੇ ਉਸਤਤ ਕੀਤੀ ਪ੍ਰਵਾਨ ਕਰੋ। ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਜੀਵ ਨੂੰ ਐਸੀਆਂ ਬੇਨਤੀਆਂ ਅਤੇ ਜੋਦੜੀਆਂ ਕਰਦੇ ਰਹਿਣਾ ਚਾਹੀਦਾ ਹੈ।

**ਫਲਗੁਣਿ ਨਿਤ ਸਲਾਹੀਐ**
**ਜਿਸ ਨੋ ਤਿਲੁ ਨ ਤਮਾਇ॥੧੩॥**

ਤਿਲ, ਤੀਸਰੇ ਅਸਥਾਨ ਤ੍ਰਿਕੁਟੀ ਨੂੰ ਕਹਿੰਦੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹਨਾਂ ਨੂੰ ਅੱਗੇ ਕਦੇ ਤ੍ਰਿਕੁਟੀ ਦੇ ਦਰਸ਼ਨ ਨਹੀਂ ਹੁੰਦੇ। ਸੋਹੁੰ ਸਥਾਨ ਤੋਂ ਉੱਪਰ ਜੋ ਦਸਵਾਂ ਦੁਆਰ ਹੈ ਅਜੇ ਉਸਦੇ ਦਰਸ਼ਨ ਨਹੀਂ ਹੋਏ। ਅਗਰ ਜੀਵ ਇਸ ਮਹੀਨੇ ਵਿੱਚ ਸਿਮਰਨ, ਭਗਤੀ ਕਰਨਗੇ ਤਦ ਉਹਨਾਂ ਨੂੰ ਤਿਲ ਦੇ ਦਰਸ਼ਨ ਹੋਣਗੇ।

*ਤਿਲ ਘੋਟਤ ਚਾਬੀ ਮਿਲੀ ਦਿਲ ਦਰਿਆ ਕੀ ਤੀਰ॥*

ਇਹ ਤੀਸਰਾ ਸਥਾਨ ਹੈ।

*ਇੜਾ ਪਿੰਗੁਲਾ ਅਉਰ ਸੁਖਮਨਾ*
*ਤੀਨਿ ਬਸਹਿ ਇਕ ਠਾਈ॥*
*ਬੇਣੀ ਸੰਗਮੁ ਤਹ ਪਿਰਾਗੁ*
*ਮਨੁ ਮਜਨੁ ਕਰੇ ਤਿਥਾਈ॥੧॥ (ਅੰਗ 974)*

ਜੋ ਸ੍ਰੀ ਹਰਿਮੰਦਿਰ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ ਉਸ ਤੋਂ ਪਹਿਲਾਂ ਧ੍ਰੂਅ ਤਾਰਾ ਜਿਸ ਨੂੰ ਪੋਲ ਸਟਾਰ ਵੀ ਕਹਿੰਦੇ ਹਨ ਉਸ ਥਾਂ 'ਤੇ ਇੱਕ ਦਰਵਾਜਾ ਆਉਂਦਾ ਹੈ ਜਿਸ ਦੇ ਉੱਪਰ ਪੂਰਨ ਤਾਕਤਾਂ ਦੇ ਸਰੂਪ ਦੇ ਦਰਸ਼ਨ ਹੁੰਦੇ ਹਨ। ਦੁਨੀਆਂ ਵਿੱਚ ਜਿੰਨੇ ਵੀ ਸਾਧੂ, ਮਹਾਤਮਾ, ਪੀਰ, ਪੈਗੰਬਰ, ਔਲੀਏ ਹਨ ਚਾਹੇ ਉਹ ਕਿਸੇ ਵੀ ਮਜਹਬ ਵਿੱਚੋਂ ਹਨ, ਚਾਹੇ ਹਿੰਦੂ, ਮੁਸਲਿਮ, ਸਿੱਖ, ਈਸਾਈ, ਜੈਨੀ, ਬੋਧੀ, ਰਾਧਾ ਸੁਆਮੀ ਕੁਝ ਵੀ ਹਨ, ਇੱਕ ਸਮੇਂ ਵਿੱਚ ਇੱਕੋ ਹੀ ਤਾਕਤ ਹੁੰਦੀ ਹੈ। ਫੇਰ ਜਿਹੜੀ ਵੀ ਤਾਕਤ ਹੈ ਉਸ ਤਾਕਤ ਦੇ ਉਸ ਦਰਵਾਜੇ ਤੇ ਦਰਸ਼ਨ ਹੁੰਦੇ ਹਨ। ਉਹ ਤਾਕਤ ਦਰਵਾਜਾ ਖੋਲ੍ਹ ਦਿੰਦੀ ਹੈ ਅਤੇ ਉਸ ਤਾਕਤ ਦੀ ਬਖਸ਼ਿਸ਼ ਸਦਕਾ ਹੀ ਜੀਵ ਨੂੰ ਸੱਚਖੰਡ ਸ੍ਰੀ ਹਰਿਮੰਦਿਰ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਜੀਵਾਂ ਨੇ ਸ੍ਰੀ ਹਰਿਮੰਦਿਰ ਸਾਹਿਬ ਜੀ ਦੇ ਦਰਸ਼ਨ ਕਰਨੇ ਹੋਣ ਉਹ ਇਸ ਮਹੀਨੇ ਅਵੱਸ਼ ਦਰਸ਼ਨ ਮੰਗਿਆ ਕਰਨ। ਅਗਰ ਉਹਨਾਂ ਦਾ ਅੱਗੇ ਐਸਾ ਕਰਮ ਨਾ ਵੀ ਬਣਿਆ ਹੋਵੇ ਤਾਂ ਹਜ਼ੂਰ ਬਣਾ ਦਿੰਦੇ ਹਨ ਅਤੇ ਦਰਸ਼ਨ ਬਖਸ਼ਦੇ ਹਨ।

ਸੋਈ ਹਜ਼ੂਰ ਕਿਰਪਾ ਕਰਨ। ਫੱਗਣ ਦਾ ਮਹੀਨਾ ਐਤਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁੱਖ ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆ ਹਜ਼ੂਰ ਨੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਸੌਰਭ ਇੰਟਰਪ੍ਰਾਇਜ਼ਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** ਜਿਲਦ-23 ਅੰਕ 12 ਫਰਵਰੀ : 2011 ਕੀਮਤ : 6 ਰੁਪੈ